

1930 ਤੇ 40 ਵਿਆਂ ਦੇ ਦਹਾਕੇ ਦੌਰਾਨ ਕ੍ਰਿਸ਼ਨਾਮੂਰਤੀ ਆਪਣੀਆਂ ਵਾਰਤਾਵਾਂ, ਕੁਦਰਤ ਨਾਲ਼ ਆਪਣੇ ਸੰਵਾਦ, ਜੀਵਨ ਬਾਰੇ ਆਪਣੇ ਚਿੰਤਨ, ਤੇ ਵੱਖ-ਵੱਖ ਲੋਕਾਂ ਤੇ ਸਮੂਹਾਂ ਨਾਲ਼ ਹੋਈਆਂ ਗੱਲਾਂ ਬਾਰੇ ਨਿਜੀ ਨੋਟਸ ਲੈਂਦੇ ਰਹੇ ਸੀ। ਹਾਲਾਂਕਿ ਇਹ ਕੋਈ ਨਿਰੰਤਰ ਸਿਲਸਿਲਾ ਨਹੀਂ ਸੀ, ਪਰ ਦੁਨੀਆ ਭਰ ਵਿੱਚ ਅਨੇਕਾਂ ਹੀ ਆਮ ਸਧਾਰਣ ਲੋਕਾਂ ਨਾਲ਼ ਹੋਈ ਉਨ੍ਹਾਂ ਦੀ ਇਸ ਗੱਲ-ਬਾਤ ਨੂੰ 'ਕੁਮੈਂਟਰੀਜ਼ ਔਨ ਲਿਵਿੰਗ' ਦੇ ਰੂਪ ਵਿੱਚ ਇਕੱਠਾ ਕਰਕੇ ਤਿੰਨ ਕਿਤਾਬਾਂ ਦੀ ਲੜੀ ਵੱਜੋਂ ਪ੍ਰਕਾਸ਼ਿਤ ਕੀਤਾ ਗਿਆ। ਇਹ ਮੌਜੂਦਾ ਲੜੀ ਉਸੇ ਦਾ ਪੰਜਾਬੀ ਅਨੁਵਾਦ ਹੈ।

ਇਨ੍ਹਾਂ ਛੋਟੇ-ਛੋਟੇ ਅਧਿਆਵਾਂ ਵਿੱਚ ਜਿੱਥੇ ਕੁਦਰਤ ਦਾ ਬੇਹੱਦ ਸਜੀਵ ਚਿਤਰਣ ਦੇਖਣ ਨੂੰ ਮਿਲਦਾ ਹੈ ਉੱਥੇ ਮਨੁੱਖ ਦੇ ਬੁਨਿਆਦੀ ਮਾਨਸਿਕ ਮਸਲਿਆਂ ਦੀ ਮਹੀਨ ਛਾਣਬੀਨ ਵੀ ਨਜ਼ਰ ਆਉਂਦੀ ਹੈ, ਜਿਹੜੀ ਸਾਹਮਣੇ ਵਾਲੇ ਬੰਦੇ ਨਾਲ਼ ਹੁੰਦੀ ਗੱਲਬਾਤ ਵਿੱਚ ਸਹਿਜੇ ਹੀ ਉੱਭਰ ਕੇ ਸਾਹਮਣੇ ਆਉਂਦੀ ਹੈ। ਇਨ੍ਹਾਂ ਕਿਤਾਬਾਂ ਨੂੰ ਕ੍ਰਿਸ਼ਨਾਮੂਰਤੀ ਦੀਆਂ ਸਭ ਤੋਂ ਸੌਖੀਆਂ ਕਿਤਾਬਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ, ਹਾਲਾਂਕਿ ਇਨ੍ਹਾਂ ਵਿੱਚ ਵੀ ਹਰ ਥਾਂ ਗਿਆਨ, ਸੱਚਾਈ, ਪੂਰਣਤਾ, ਧਿਆਨ, ਆਜ਼ਾਦੀ, ਪਿਆਰ, ਕੋਸ਼ਿਸ਼, ਸਿਆਣਪ, ਮੌਤ, ਲਾਲਸਾਵਾਂ, ਡਰ ਤੇ ਅਸਲ ਐਕਸ਼ਨ ਵਰਗੇ ਗੰਭੀਰ ਮੁੱਦਿਆਂ ਉੱਤੇ ਖੋਜ-ਪੜਤਾਲ ਦੇਖਣ ਨੂੰ ਮਿਲਦੀ ਹੈ। ਇਨ੍ਹਾਂ ਸੰਵਾਦਾਂ ਰਾਹੀਂ ਸੋਚਾਂ ਵਿੱਚੋਂ ਉਪਜਦੇ ਮਨੁੱਖੀ ਦੁੱਖ ਨੂੰ ਪੂਰੀ ਤਰ੍ਹਾਂ ਨਾਲ਼ ਉਘਾੜਿਆ ਗਿਆ ਹੈ।

ਇਸ ਲੜੀ ਵਿੱਚ ਲੇਖਣੀ ਦਾ ਇੱਕ ਨਵਾਂ ਹੀ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ- ਜਿਸ ਅੰਦਰ ਕੁਦਰਤ ਦੀਆਂ ਬੜੀਆਂ ਹੀ ਪ੍ਰਗੀਤਕ ਝਲਕੀਆਂ ਹਨ, ਫ਼ਲਸਫ਼ੇ ਦੀ ਡੂੰਘਾਈ ਤੇ ਮਾਨਸਿਕ ਅੰਤਰ-ਝਲਕੀਆਂ ਹਨ, ਤੇ ਇਸ ਸਾਰੇ ਕੁਝ ਨੂੰ ਇੱਕ ਡੂੰਘੇ ਧਾਰਮਿਕ ਅਹਿਸਾਸ ਦੀ ਰੰਗਤ ਵਿੱਚ ਪੇਸ਼ ਕੀਤਾ ਗਿਆ ਹੈ, ਜਿਸਦੀ ਵਾਰਤਕ ਬੇਹਦ ਦਿਲਕਸ਼ ਤੇ ਨਿੱਖਰਵੀਂ ਹੈ। ਇਹ ਲੜੀ ਪਾਠਕ ਨੂੰ ਸੱਦਾ ਦਿੰਦੀ ਹੈ ਕਿ ਉਹ ਕ੍ਰਿਸ਼ਨਾਮੂਰਤੀ ਦੇ ਸੰਗ-ਸੰਗ ਮਨ ਦੇ ਸੰਸਕਾਰਾਂ ਨੂੰ ਸਮਝਣ ਤੇ ਆਜ਼ਾਦੀ ਦੇ 'ਅਣਗਾਹੇ ਰਾਹਾਂ' ਦੀ ਅਨੰਤ ਯਾਤਰਾ ਉੱਤੇ ਨਿੱਕਲ ਜਾਵੇ।

ਔਟਮ ਆਰਟ
ISBN 1767931060-5
₹ 400

ਜੀਉਣ ਬਾਰੇ ਗੱਲਬਾਤ 3
ਜੇ. ਕ੍ਰਿਸ਼ਨਾਮੂਰਤੀ

ਜੇ. ਕ੍ਰਿਸ਼ਨਾਮੂਰਤੀ

# ਜੀਉਣ ਬਾਰੇ ਗੱਲਬਾਤ
# 3



**Punjabi Translation of**
Commentaries On Living

## ਤਤਕਰਾ


1. ਕੀ ਸੋਚ-ਵਿਚਾਰ ਦੀ ਸ਼ੁਰੂਆਤ ਸਿੱਟਿਆਂ ਨਾਲ਼ ਜੁੜੀ ਹੈ? 11
2. ਸਵੈ-ਗਿਆਨ ਜਾਂ ਸਵੈ-ਸੰਮੋਹਨ 16
3. 'ਜੋ ਹੈ' ਤੋਂ ਭੱਜਣਾ 21
4. ਕੀ ਬੰਦਾ ਜਾਣ ਸਕਦਾ ਹੈ ਕਿ ਲੋਕਾਂ ਲਈ ਚੰਗਾ ਕੀ ਹੈ? 24
5. 'ਮੈਂ ਖ਼ੁਸ਼ੀ ਦਾ ਸੋਮਾ ਲੱਭਣਾ ਚਾਹੁੰਨਾ' 30
6. ਸੁੱਖ-ਆਰਾਮ, ਆਦਤਾਂ ਤੇ ਸੰਜਮ 34
7. 'ਕੀ ਤੁਸੀਂ ਪਸ਼ੂ ਭਲਾਈ ਦੀ ਸਾਡੀ ਸੁਸਾਇਟੀ 'ਚ ਸ਼ਾਮਿਲ ਨਹੀਂ ਹੋਵੋਂਗੇ?' 39
8. ਸੰਸਕਾਰ ਤੇ ਮੁਕਤ ਹੋਣ ਦੀ ਤਾਂਘ 45
9. ਅੰਦਰਲੀ ਸੁੰਨ 51
10. ਤਲਾਸ਼ ਦਾ ਸਵਾਲ 57
11. ਮਨੋ-ਇਨਕਲਾਬ 62
12. ਸੋਚਣ ਵਾਲ਼ਾ ਕੋਈ ਨਹੀਂ, ਸਿਰਫ਼ ਸੰਸਕਾਰਿਤ ਸੋਚ-ਵਿਚਾਰ ਹੈ 70
13. 'ਇਹ ਸਾਡੇ ਨਾਲ਼ ਕਿਉਂ ਹੁੰਦਾ ਹੈ?' 77
14. ਜੀਵਨ, ਮਿਰਤੂ ਤੇ ਉਸਤੋਂ ਬਾਅਦ 85
15. ਮਨ ਦਾ ਨਿਘਾਰ 90
16. ਬੇਚੈਨੀ ਦੀ ਲਾਟ 98
17. ਬਾਹਰੀ ਸੁਧਾਰ ਤੇ ਅੰਦਰੂਨੀ ਨਿਘਾਰ 104
18. ਸਮਾਜ ਨੂੰ ਬਦਲਣ ਲਈ ਉਸ ਨਾਲ਼ੋਂ ਟੁੱਟਣਾ ਜ਼ਰੂਰੀ 108
19. ਜਿੱਥੇ ਹਉਮੈ ਹੈ, ਪਿਆਰ ਨਹੀਂ ਹੋ ਸਕਦਾ 112
20. ਬੰਦੇ ਅੰਦਰਲੀ ਵੰਡ ਉਸ ਨੂੰ ਬਿਮਾਰ ਕਰ ਰਹੀ ਹੈ 119
21. ਗਿਆਨ ਦਾ ਘਮੰਡ 127
22. 'ਆਖ਼ਰ ਇਹ ਜ਼ਿੰਦਗੀ ਹੈ ਕੀ?' 135
23. ਨੇਕੀ ਤੇ ਪਿਆਰ ਤੋਂ ਬਿਨਾਂ ਪੜ੍ਹਾਈ-ਲਿਖਾਈ ਫ਼ਜ਼ੂਲ ਹੈ 142
24. ਨਫ਼ਰਤ ਤੇ ਹਿੰਸਾ 149
25. ਸੰਵੇਦਨਾ ਨੂੰ ਨਿਖਾਰਨਾ-ਸੰਵਾਰਨਾ 154
26. 'ਕਿਉਂ ਮੇਰੇ ਕੋਲ ਅੰਤਰ-ਦ੍ਰਿਸ਼ਟੀ ਨਹੀਂ?' 160
27. ਸੁਧਾਰ, ਇਨਕਲਾਬ ਤੇ ਰੱਬ ਦੀ ਭਾਲ 167

28. ਰੌਲ਼ਾ ਪਾਉਂਦਾ ਬੱਚਾ ਤੇ ਸ਼ਾਂਤ ਮਨ 177
29. ਜਿੱਥੇ ਧਿਆਨ ਹੈ, ਉੱਥੇ ਹਕੀਕਤ ਹੈ 186
30. ਖ਼ੁਦਗਰਜ਼ੀ ਮਨ ਦਾ ਨਾਸ਼ ਕਰ ਦਿੰਦੀ ਹੈ 194
31. ਤਬਦੀਲੀ ਦਾ ਮਹੱਤਵ 201
32. ਕਤਲੋਗਾਰਦ 210
33. ਸਿਆਣਪ ਦਾ ਮਤਲਬ ਹੈ ਸਾਦਗੀ 219
34. ਉਲਝਣਾਂ ਤੇ ਪੱਕੀਆਂ ਧਾਰਨਾਵਾਂ 226
35. ਨਿਸਵਾਰਥ ਧਿਆਨ 236
36. ਅਣਜਾਣੇ ਰਾਹਾਂ ਦਾ ਸਫ਼ਰ 244
37. ਇਕੱਲੇਪਣ ਤੋਂ ਪਰ੍ਹੇ ਇਕੱਲਤਾ 251
38. 'ਤੁਸੀਂ ਆਪਣੇ 'ਆਰਡਰ ਅੱਫ਼ ਦੀ ਸਟਾਰ' ਨੂੰ ਭੰਗ ਕਿਉਂ ਕੀਤਾ?' 259
39. ਪਿਆਰ ਕੀ ਹੈ? 264
40. ਢੂੰਢਣਾ ਅਤੇ ਖੋਜਣ ਦੀ ਅਵਸਥਾ 273
41. 'ਧਰਮ-ਗ੍ਰੰਥ ਖ਼ਾਹਿਸ਼ਾਂ ਨੂੰ ਕਿਉਂ ਨਿੰਦਦੇ ਹਨ?' 280
42. ਕੀ ਸਿਆਸਤ ਰੂਹਾਨੀ ਹੋ ਸਕਦੀ ਹੈ? 288
43. ਸਜਗਤਾ ਅਤੇ ਸੁਫ਼ਨਿਆਂ ਦਾ ਅੰਤ 297
44. ਗੰਭੀਰ ਹੋਣਾ ਕੀ ਹੈ? 304
45. ਕੀ ਕੁਝ ਸਥਾਈ ਹੈ? 312
46. ਮਾਲਕੀ ਦੀ ਏਨੀ ਚਾਹਤ ਕਿਉਂ ਹੈ? 322
47. ਖ਼ਾਹਿਸ਼ ਤੇ ਅੰਤਰ-ਵਿਰੋਧਤਾ ਦੀ ਪੀੜ 327
48. 'ਮੈਨੂੰ ਕੀ ਕਰਨਾ ਚਾਹੀਦਾ ਹੈ?' 332
49. ਖਿੰਡੀਆਂ-ਪੁੰਡੀਆਂ ਸਰਗਰਮੀਆਂ ਤੇ ਟੋਟਲ ਐਕਸ਼ਨ 342
50. ਜਾਣੇ ਹੋਏ ਤੋਂ ਆਜ਼ਾਦੀ 348
51. ਸਮਾਂ, ਆਦਤ ਤੇ ਆਦਰਸ਼ 353
52. ਕੀ ਜਥੇਬੰਦ ਧਰਮ ਰਾਹੀਂ ਰੱਬ ਲੱਭਿਆ ਜਾ ਸਕਦਾ ਹੈ? 358
53. ਵੈਰਾਗ ਤੇ ਪੂਰਨ ਵਜੂਦ 364
54. ਵਰਤਮਾਨ ਦੀ ਚੁਣੌਤੀ 370
55. ਖ਼ੁਦ 'ਤੇ ਤਰਸ ਖਾਣ ਦਾ ਦੁੱਖ 375
56. ਅਸੰਵੇਦਨਸ਼ੀਲਤਾ ਤੇ ਰੌਲ਼ੇ-ਰੱਪੇ ਦਾ ਵਿਰੋਧ 380
57. ਸਾਦਗੀ ਦੀ ਖ਼ਾਸੀਅਤ 385

# 3. 'ਜੋ ਹੈ' ਤੋਂ ਭੱਜਣਾ

ਬਹੁਤ ਹੀ ਖ਼ੂਬਸੂਰਤ ਬਾਗ਼ ਸੀ, ਖੁੱਲ੍ਹਾ-ਡੁੱਲ੍ਹਾ, ਹਰੇ-ਭਰੇ ਲਾਅਨ, ਫੁੱਲਾਂ ਦੇ ਝਾੜ ਤੇ ਚਾਰ ਚੁਫ਼ੇਰਿਓਂ ਦਰੱਖ਼ਤਾਂ ਨਾਲ਼ ਘਿਰਿਆ। ਉਸ ਦੇ ਇੱਕ ਪਾਸਿਓਂ ਇੱਕ ਸੜਕ ਲੰਘਦੀ ਸੀ, ਜਿੱਥੋਂ ਅਕਸਰ ਖ਼ੂਬ ਉੱਚੀ ਆਵਾਜ਼ਾਂ ਸੁਣਾਈ ਪੈਂਦੀਆਂ, ਖ਼ਾਸ ਤੌਰ 'ਤੇ ਸ਼ਾਮਾਂ ਵੇਲ਼ੇ, ਜਦੋਂ ਲੋਕ ਘਰਾਂ ਨੂੰ ਮੁੜ ਰਹੇ ਹੁੰਦੇ। ਅੱਗੋਂ-ਪਿੱਛੋਂ ਉਸ ਬਾਗ਼ 'ਚ ਪੂਰਨ ਸ਼ਾਂਤੀ ਰਹਿੰਦੀ ਸੀ। ਸਵੇਰੇ ਸ਼ਾਮ ਘਾਹ ਨੂੰ ਪਾਣੀ ਲਾਇਆ ਜਾਂਦਾ, ਤੇ ਦੋਹੇਂ ਵੇਲ਼ੇ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਕੀੜਿਆਂ ਦੀ ਭਾਲ਼ 'ਚ ਲਾਅਨ ਅੰਦਰ ਉਡਾਰੀਆਂ ਭਰਦੀਆਂ ਫਿਰਦੀਆਂ ਦਿਖਦੀਆਂ। ਉਹ ਆਪਣੀ ਤਲਾਸ਼ 'ਚ ਇੰਨੇ ਮਗਨ ਹੁੰਦੇ ਕਿ ਜੇ ਤੁਸੀਂ ਦਰੱਖ਼ਤ ਹੇਠਾਂ ਬੈਠੇ ਰਹਿੰਦੇ ਤਾਂ ਉਹ ਬਿਨਾਂ ਕਿਸੇ ਖ਼ੌਫ਼ ਦੇ ਤੁਹਾਡੇ ਕੋਲ਼ ਆ ਜਾਂਦੇ। ਹਰੇ ਤੇ ਸੁਨਹਿਰੇ ਦੋ ਪੰਛੀ, ਸਿੱਧੀ ਸਤੂਰ ਪੂੰਛ ਤੇ ਲੰਮੇ ਤੇ ਨਾਜ਼ੁਕ ਖੰਭਾਂ ਵਾਲ਼ੇ, ਰੋਜ਼ ਗੁਲਾਬ ਦੀਆਂ ਝਾੜੀਆਂ 'ਚ ਆਉਂਦੇ। ਉਨ੍ਹਾਂ ਦਾ ਰੰਗ ਹੂ-ਬ-ਹੂ ਉਨ੍ਹਾਂ ਕੂਲੀਆਂ-ਕੂਲੀਆਂ ਪੱਤੀਆਂ ਵਰਗਾ ਹੀ ਸੀ, ਤੇ ਉਹ ਬੜੀ ਮੁਸ਼ਕਿਲ ਨਾਲ਼ ਹੀ ਨਜ਼ਰਾਂ 'ਚ ਚੜ੍ਹਦੇ ਸੀ। ਉਨ੍ਹਾਂ ਦਾ ਸਿਰ ਚੌੜਾ ਤੇ ਲੰਮੀਆਂ ਚੁੰਨੀਆਂ ਅੱਖਾਂ ਸਨ, ਤੇ ਚੁੰਝਾਂ ਕਾਲੀਆਂ ਸਨ। ਉਹ ਇਕਦਮ ਧਰਤੀ ਵੱਲ ਨੂੰ ਝਪੱਟਾ ਮਾਰਦੇ, ਕੀੜੇ ਨੂੰ ਚੁੰਝ 'ਚ ਲੈ ਡੋਲਦੀ ਹੋਈ ਗੁਲਾਬ ਦੀ ਟਹਿਣੀ ਵੱਲ ਮੁੜ ਜਾਂਦੇ। ਬੇਹੱਦ ਦਿਲਕਸ਼ ਨਜ਼ਾਰਾ ਸੀ, ਸੁਹੱਪਣ ਤੇ ਆਜ਼ਾਦੀ ਨਾਲ਼ ਸਰੋਬਾਰ। ਕੋਈ ਉਨ੍ਹਾਂ ਦੇ ਕੋਲ਼ ਨਹੀਂ ਸੀ ਢੁੱਕ ਸਕਦਾ, ਬਹੁਤ ਹੀ ਸ਼ਰਮੀਲੇ ਸਨ ਉਹ, ਪਰ ਜੇ ਤੁਸੀਂ ਕੋਈ ਬਹੁਤੀ ਹਿੱਲਜੁੱਲ ਕੀਤੇ ਬਗ਼ੈਰ ਦਰੱਖ਼ਤ ਹੇਠਾਂ ਬੈਠੇ ਰਹਿੰਦੇ ਹੋ ਤਾਂ ਤੁਸੀਂ ਉਨ੍ਹਾਂ ਨੂੰ ਉਡਾਨ ਭਰਦੇ ਦੇਖ ਸਕਦੇ ਹੋ, ਉਨ੍ਹਾਂ ਦੇ ਸੁਨਹਿਰੇ ਚਮਕੀਲੇ ਖੰਭਾਂ 'ਤੇ ਪੈਂਦੀਆਂ ਸੂਰਜ ਕਿਰਣਾਂ ਨੂੰ।

ਅਕਸਰ ਝਾੜੀਆਂ 'ਚੋਂ ਇੱਕ ਵੱਡਾ ਸਾਰਾ ਨੇਵਲਾ ਬਾਹਰ ਨੂੰ ਝਾਕਦਾ, ਉਸ ਦਾ ਲਾਲ ਸੂਹਾ ਨੱਕ ਹਵਾ 'ਚ ਕੁਝ ਸੁੰਘਦਾ ਤੇ ਉਸ ਦੀਆਂ ਤੇਜ਼ ਅੱਖਾਂ ਆਲ਼ੇ-ਦੁਆਲ਼ੇ ਦੀ ਹਰ ਹਰਕਤ 'ਤੇ ਨਜ਼ਰ ਰੱਖਦੀਆਂ। ਪਹਿਲੇ ਦਿਨ ਕਿਸੇ ਨੂੰ ਦਰੱਖ਼ਤ ਹੇਠਾਂ ਬੈਠਾ ਦੇਖ ਕੇ ਉਹ ਬਹੁਤ ਪਰੇਸ਼ਾਨ ਹੋਇਆ, ਪਰ ਛੇਤੀ ਹੀ ਉਹ ਬੰਦੇ ਦੀ ਮੌਜੂਦਗੀ ਦਾ ਆਦੀ ਹੋ ਗਿਆ। ਉਹ ਬਿਨਾਂ ਕਿਸੇ ਕਾਹਲ਼ ਦੇ ਪੂਰੇ ਬਾਗ਼ ਦਾ ਚੱਕਰ ਲਾਉਂਦਾ, ਲੰਮੀ ਸਾਰੀ ਉਸ ਦੀ ਪੂੰਛ ਭੁੰਜੇ ਘਿਸੜਦੀ ਜਾਂਦੀ। ਕਦੇ ਕਦਾਈਂ ਉਹ ਲਾਅਨ ਦੇ ਐਣ ਨਾਲ਼-ਨਾਲ਼ ਜਾਂਦਾ, ਝਾੜੀਆਂ ਦੇ ਕੋਲ਼ ਦੀ, ਉਦੋਂ ਉਹ ਕਿਤੇ ਵੱਧ ਚੁਕੰਨਾ ਹੁੰਦਾ, ਕੰਬਦੀ ਨੱਕ ਨਾਲ਼ ਜ਼ੋਰ-ਜ਼ੋਰ ਦੀ ਸੁੰਘਦਾ। ਇੱਕ ਵਾਰ ਸਾਰਾ ਪਰਿਵਾਰ ਬਾਹਰ ਆਇਆ, ਵੱਡਾ ਨੇਵਲਾ ਮੂਹਰੇ-ਮੂਹਰੇ ਸੀ, ਉਸ ਦੇ ਮਗਰ ਉਸ ਦੀ ਛੋਟੀ ਜਿਹੀ ਪਤਨੀ ਤੇ ਉਸ ਦੇ ਪਿੱਛੇ ਦੋ ਨਿੱਕੇ-ਨਿੱਕੇ ਉਨ੍ਹਾਂ ਦੇ ਬੱਚੇ, ਸਾਰੇ ਇੱਕ ਕਤਾਰ 'ਚ। ਬੱਚੇ ਕਿਤੇ-ਕਿਤੇ ਖੇਡਣ ਲਈ ਰੁਕ ਜਾਂਦੇ; ਜਿਉਂ ਹੀ ਮਾਂ ਨੂੰ ਮਹਿਸੂਸ ਹੁੰਦਾ ਕਿ ਉਹ ਪਿੱਛੇ ਨਹੀਂ ਹਨ ਤਾਂ ਉਹ ਮੁੜ ਕੇ ਪਿੱਛੇ ਨੂੰ ਘੂਰਦੀ ਤਾਂ ਉਹ ਭੱਜ ਕੇ ਨਾਲ਼ ਜਾ ਰਲ਼ਦੇ।

ਚਾਨਣੀਆਂ ਰਾਤਾਂ 'ਚ ਉਸ ਬਾਗ਼ ਦਾ ਜਾਦੂ ਹੋਰ ਵੀ ਗਾੜ੍ਹਾ ਹੋ ਜਾਂਦਾ, ਮੌਨ ਖੜ੍ਹੇ ਦਰੱਖ਼ਤਾਂ ਦੇ ਲੰਮੇ ਗੂੜ੍ਹੇ ਪਰਛਾਂਵੇਂ ਲਾਅਨ ਤੇ ਚੁੱਪ-ਚੁਪੀਤੀਆਂ ਝਾੜੀਆਂ 'ਤੇ ਪੈਂਦੇ, ਕੋਈ

ਹਿੱਲਜੁੱਲ ਨਹੀਂ। ਸਾਰੀ ਦੌੜਭੱਜ ਤੇ ਚਹਿਚਹਾਟ ਤੋਂ ਬਾਅਦ ਪੰਛੀ ਹੁਣ ਰਾਤ ਬਿਤਾਉਣ ਲਈ ਸਿਆਹ ਪੱਤਿਆਂ 'ਚ ਜਾ ਵੜੇ ਸਨ। ਸੜਕ ਤੇ ਹੁਣ ਮੁਸ਼ਕਿਲ ਨਾਲ਼ ਹੀ ਕੋਈ ਨਜ਼ਰ ਆਉਂਦਾ ਸੀ, ਦੂਰੋਂ ਕਦੇ-ਕਦੇ ਕਿਸੇ ਦੇ ਗਾਉਣ ਦੀ ਆਵਾਜ਼ ਆਉਂਦੀ ਜਾਂ ਪਿੰਡ ਵੱਲ਼ ਨੂੰ ਜਾਂਦਾ ਕੋਈ ਰਾਹੀ ਬੰਸਰੀ ਵਜਾਉਂਦਾ ਲੰਘਦਾ। ਉਸ ਤੋਂ ਬਿਨਾਂ ਬਾਗ਼ 'ਚ ਪੂਰੀ ਤਰ੍ਹਾਂ ਸੰਨਾਟਾ ਸੀ, ਹਲਕੀਆਂ-ਫੁਲਕੀਆਂ ਫ਼ੁਸਫ਼ੁਸਾਹਟਾਂ। ਕੋਈ ਪੱਤਾ ਤੱਕ ਨਹੀਂ ਸੀ ਹਿੱਲਦਾ, ਤੇ ਦਰੱਖ਼ਤ ਚਾਂਦੀ ਰੰਗੇ ਧੁੰਦਲੇ ਆਕਾਸ਼ ਨੂੰ ਇੱਕ ਅਕਾਰ ਦਿੰਦੇ।

ਕਲਪਨਾ ਦੀ ਧਿਆਨ 'ਚ ਕੋਈ ਥਾਂ ਨਹੀਂ; ਉਸ ਨੂੰ ਪੂਰੀ ਤਰ੍ਹਾਂ ਬੁਹਾਰ ਦੇਣਾ ਲਾਜ਼ਮੀ ਹੈ, ਕਿਉਂਕਿ ਕਲਪਨਾ 'ਚ ਫਸਿਆ ਮਨ ਸਿਰਫ਼ ਭਰਮ ਹੀ ਸਿਰਜਦਾ ਹੈ। ਮਨ ਇਕਦਮ ਨਿਰਮਲ ਹੋਣਾ ਚਾਹੀਦਾ ਹੈ, ਕੋਈ ਹਰਕਤ ਨਹੀਂ, ਤੇ ਉਸੇ ਨਿਰਮਲਤਾ ਦੀ ਰੌਸ਼ਨੀ 'ਚ ਅਕਾਲ ਨਿੱਖਰ ਕੇ ਆਉਂਦਾ ਹੈ।

ਉਹ ਇੱਕ ਬਜ਼ੁਰਗ ਆਦਮੀ ਸੀ, ਚਿੱਟੀ ਦਾੜ੍ਹੀ ਵਾਲ਼ਾ, ਤੇ ਸੰਨਿਆਸੀਆਂ ਵਾਲ਼ਾ ਉਸ ਦਾ ਭਗਵਾਂ ਚੋਲ਼ਾ ਮਸਾਂ ਹੀ ਉਹਦੇ ਦੁਬਲੇ-ਪਤਲੇ ਸਰੀਰ ਨੂੰ ਢਕ ਰਿਹਾ ਸੀ। ਬੋਲ-ਚਾਲ 'ਚ ਉਹ ਬਹੁਤ ਹੀ ਸੱਜਣ ਸੁਭਾਅ ਦਾ ਸੀ, ਪਰ ਉਸ ਦੀਆਂ ਅੱਖਾਂ 'ਚੋਂ ਦੁੱਖ ਝਲਕਦਾ ਸੀ, ਫਿਜ਼ੂਲ ਦੀ ਤਲਾਸ਼ ਦਾ ਦਰਦ। ਪੰਦਰਾਂ ਸਾਲ ਦੀ ਉਮਰ 'ਚ ਉਸਨੇ ਘਰ-ਬਾਰ ਛੱਡ ਦਿੱਤਾ ਤੇ ਦੁਨੀਆ ਤਿਆਗ ਦਿੱਤੀ, ਤੇ ਸਾਲਾਂ ਤੱਕ ਉਹ ਪੂਰੇ ਹਿੰਦੋਸਤਾਨ ਦੇ ਆਸ਼ਰਮਾਂ 'ਚ ਘੁੰਮਦਾ ਰਿਹਾ, ਅਧਿਐਨ ਤੇ ਧਿਆਨ ਕਰਦਾ, ਤਲਾਸ਼ਦਾ ਹੋਇਆ। ਉਹ ਕੁਝ ਸਮਾਂ ਇੱਕ ਸਿਆਸੀ-ਧਾਰਮਿਕ ਲੀਡਰ ਦੇ ਆਸ਼ਰਮ 'ਚ ਰਿਹਾ ਸੀ, ਜਿਸਨੇ ਹਿੰਦੋਸਤਾਨ ਦੀ ਆਜ਼ਾਦੀ ਲਈ ਬੇਹੱਦ ਸਖ਼ਤ ਮਿਹਨਤ ਕੀਤੀ ਸੀ ਤੇ ਫੇਰ ਉਹ ਦੱਖਣ ਦੇ ਕਿਸੇ ਆਸ਼ਰਮ 'ਚ ਵੀ ਰਿਹਾ, ਜਿਸ ਦੇ ਮੰਤਰ ਬਹੁਤ ਸੁਖਾਵੇਂ ਸਨ। ਕਿਸੇ ਸਾਧ ਦੀ ਮੌਨ ਸਾਧਨਾ ਲਈ ਬਣੇ ਇੱਕ ਵੱਡੇ ਸਾਰੇ ਹਾਲ 'ਚ ਉਹ ਵੀ ਸੀ, ਚੁੱਪਚਾਪ ਸਾਧਨਾ ਕਰਦਾ ਹੋਇਆ। ਪੂਰਬੀ ਤੇ ਪੱਛਮੀ ਘਾਟਾਂ ਦੇ ਆਸ਼ਰਮਾਂ 'ਚ ਵੀ ਉਹ ਰਿਹਾ ਸੀ, ਸੰਵਾਦ ਰਚਾਉਂਦਾ, ਸਵਾਲ ਕਰਦਾ ਤੇ ਤਲਾਸ਼ਦਾ। ਧੁਰ ਉੱਤਰ ਵਿੱਚ, ਬਰਫ਼ ਤੇ ਠੰਡੀਆਂ ਗੁਫ਼ਾਵਾਂ 'ਚ ਵੀ ਬਸੇਰਾ ਕੀਤਾ ਸੀ; ਤੇ ਪਵਿੱਤਰ ਨਦੀ ਦੇ ਕਿਨਾਰੇ ਝਰ-ਝਰ ਕਰਦੇ ਪਾਣੀ ਕੋਲ ਬਹਿ ਕੇ ਵੀ ਧਿਆਨ ਲਾਇਆ ਸੀ। ਤਪੱਸਵੀਆਂ ਨਾਲ਼ ਰਹਿੰਦੇ ਹੋਏ ਉਸਨੇ ਜਿਸਮਾਨੀ ਦੁੱਖ ਝੱਲੇ ਸਨ, ਤੇ ਪਵਿੱਤਰ ਮੰਦਰਾਂ ਤਾਈਂ ਲੰਮੀਆਂ ਤੀਰਥ ਯਾਤਰਾਵਾਂ ਕੀਤੀਆਂ ਸਨ। ਸੰਸਕ੍ਰਿਤ ਉਸ ਨੂੰ ਖ਼ੂਬ ਚੰਗੀ ਤਰ੍ਹਾਂ ਆਉਂਦੀ ਸੀ, ਤੇ ਘੁੰਮਦੇ-ਘੁਮਾਉਂਦੇ ਹੋਏ ਮੰਤਰਾਂ ਦਾ ਗਾਇਨ ਕਰਨਾ ਉਸ ਨੂੰ ਬਹੁਤ ਅਨੰਦਤ ਕਰਦਾ।

'ਪੰਦਰਾਂ ਸਾਲਾਂ ਦੀ ਉਮਰ ਤੋਂ ਮੈਂ ਰੱਬ ਨੂੰ ਤਲਾਸ਼ ਰਿਹਾ ਹਾਂ, ਹਰ ਤਰੀਕੇ ਨਾਲ਼ ਉਸ ਦੀ ਖੋਜ ਕੀਤੀ ਹੈ, ਪਰ ਹਾਸਿਲ ਨਹੀਂ ਕਰ ਪਾਇਆ, ਤੇ ਹੁਣ ਮੈਂ ਸੱਤਰਾਂ ਤੋਂ ਉੱਪਰ ਹਾਂ। ਮੈਂ ਤੁਹਾਡੇ ਕੋਲ਼ ਵੀ ਉਵੇਂ ਹੀ ਆਇਆ ਹਾਂ ਜਿਵੇਂ ਹਰ ਥਾਂ ਜਾਂਦਾ ਰਿਹਾ ਹਾਂ, ਪਰਮਾਤਮਾ ਦੀ ਉਮੀਦ 'ਚ। ਮਰਨ ਤੋਂ ਪਹਿਲਾਂ ਹਰ ਹਾਲ 'ਚ ਮੈਂ ਉਸ ਨੂੰ ਹਾਸਿਲ ਕਰਨਾ ਹੈ, ਜੇ ਕਿਤੇ ਉਹ ਵੀ ਬੰਦੇ ਦੀ ਹੀ ਕੋਈ ਕੋਰੀ ਕਲਪਨਾ ਨਾ ਹੋਵੇ।'

ਜੇ ਬੁਰਾ ਨਾ ਮੰਨੋ ਤਾਂ ਇੱਕ ਗੱਲ ਪੁੱਛਾਂ, ਕੀ ਤੁਹਾਨੂੰ ਲਗਦਾ ਹੈ ਕਿ ਲੱਭਦੇ ਹੋਏ ਉਸ ਅਸੀਮ ਨੂੰ ਪਾਇਆ ਜਾ ਸਕਦਾ ਹੈ? ਅਨੇਕਾਂ ਰਾਹਾਂ 'ਤੇ ਚੱਲਦੇ ਹੋਏ, ਸਾਧਨਾ ਕਰਦੇ ਤੇ ਖ਼ੁਦ ਨੂੰ ਤਸੀਹੇ ਦਿੰਦੇ, ਕੁਰਬਾਨੀਆਂ ਤੇ ਸਿਦਕ ਦਿਲੀ ਨਾਲ਼ ਸੇਵਾ ਕਰਦੇ ਹੋਏ, ਕੀ ਖੋਜੀ

ਉਸ ਸਨਾਤਨ ਤਾਈਂ ਪਹੁੰਚ ਪਾਏਗਾ? ਉਸ ਸਨਾਤਨ ਦੀ ਹੋਂਦ ਹੈ ਜਾਂ ਨਹੀਂ, ਜਾਹਿਰ ਹੈ ਕਿ ਇਹ ਕੋਈ ਮੁੱਦਾ ਨਹੀਂ, ਤੇ ਉਸ ਦੀ ਸੱਚਾਈ ਨੂੰ ਬਾਅਦ 'ਚ ਦੇਖਿਆ ਜਾ ਸਕਦਾ ਹੈ; ਅਸਲ ਮੁੱਦਾ ਇਸਨੂੰ ਸਮਝਣ ਦਾ ਹੈ ਕਿ ਅਸੀਂ ਤਲਾਸ਼ਦੇ ਕਿਉਂ ਹਾਂ, ਤੇ ਕੀ ਹੈ ਜਿਸ ਦੀ ਸਾਨੂੰ ਤਲਾਸ਼ ਹੈ। ਕਿਉਂ ਅਸੀਂ ਖੋਜਦੇ ਹਾਂ?

'ਮੈਂ ਲੱਭਦਾ ਹਾਂ, ਕਿਉਂ ਜੋ ਬਿਨਾਂ ਰੱਬ ਤੋਂ ਜੀਵਨ ਦਾ ਕੋਈ ਖ਼ਾਸ ਮਤਲਬ ਨਹੀਂ। ਮੇਰੀ ਤਲਾਸ਼ ਦੁੱਖ ਦਰਦ ਵਿੱਚੋਂ ਨਿਕਲਦੀ ਹੈ। ਮੈਂ ਉਸ ਨੂੰ ਤਲਾਸ਼ਦਾ ਹਾਂ ਕਿਉਂਕਿ ਮੈਨੂੰ ਸ਼ਾਂਤੀ ਚਾਹੀਦੀ ਹੈ। ਮੈਂ ਉਸ ਨੂੰ ਤਲਾਸ਼ਦਾ ਹਾਂ ਕਿਉਂ ਜੋ ਉਹ ਸਥਾਈ ਹੈ, ਅ-ਬਦਲ; ਕਿਉਂ ਜੋ ਮੌਤ ਹੈ, ਤੇ ਉਹ ਅਮਰ ਹੈ। ਉਹ ਇੱਕਸੁਰ ਹੈ, ਸੁੰਦਰਤਾ ਤੇ ਨੇਕੀ, ਇਸੇ ਲਈ ਮੈਂ ਉਸ ਨੂੰ ਲੱਭਦਾ ਹਾਂ।'

ਇਹੋ ਹੈ, ਛਿਣਭੰਗੁਰ ਦੀ ਪੀੜ ਕਰਕੇ ਹੀ ਅਸੀਂ ਉਸ ਦੇ ਪਿੱਛੇ ਭੱਜਦੇ ਹਾਂ ਜਿਸਨੂੰ ਸਦੀਵੀ ਕਹਿੰਦੇ ਹਾਂ। ਸਾਡੀ ਇਸ ਤਲਾਸ਼ ਦਾ ਮਕਸਦ, ਸਦੀਵੀ ਦੇ ਇਸ ਆਦਰਸ਼ 'ਚ, ਆਰਾਮ ਦੀ ਅਵਸਥਾ ਨੂੰ ਪਹੁੰਚਣ ਦਾ ਹੈ, ਤੇ ਇਹ ਆਦਰਸ਼ ਛਿਣਭੰਗੁਰਤਾ 'ਚੋਂ ਨਿਕਲਦਾ ਹੈ, ਇਹ ਨਿਰੰਤਰ ਤਬਦੀਲੀ ਦੀ ਪੀੜ 'ਚੋਂ ਨਿਕਲਦਾ ਹੈ। ਆਦਰਸ਼ ਅ-ਹਕੀਕੀ ਹੈ, ਜਦਕਿ ਪੀੜ ਹਕੀਕਤ ਹੈ; ਪਰ ਪੀੜ ਦੀ ਸੱਚਾਈ ਸਾਨੂੰ ਸਮਝ ਆਉਂਦੀ ਨਹੀਂ ਲੱਗਦੀ, ਇਸ ਲਈ ਅਸੀਂ ਆਦਰਸ਼ ਮਗਰ ਭੱਜਦੇ ਹਾਂ, ਪੀੜ ਤੋਂ ਛੁੱਟਣ ਦੀ ਉਮੀਦ 'ਚ। ਇੰਝ ਸਾਡੇ ਅੰਦਰ ਇੱਕ ਦੁਚਿੱਤੀ ਦੀ ਹਾਲਤ ਬਣ ਜਾਂਦੀ ਹੈ, ਹਕੀਕਤ ਅਤੇ ਆਦਰਸ਼, 'ਜੋ ਹੈ' ਤੇ 'ਜੋ ਹੋਣਾ ਚਾਹੀਦਾ ਹੈ' ਦਾ ਕਦੇ ਨਾ ਮੁੱਕਦਾ ਟਕਰਾਵ। ਸਾਡੀ ਤਲਾਸ਼ ਦਾ ਮਕਸਦ ਛਿਣਭੰਗੁਰਤਾ ਤੋਂ, ਦੁੱਖ ਤੋਂ ਉਸ ਵੱਲ ਭੱਜਣਾ ਹੈ, ਜਿਸ ਬਾਰੇ ਮਨ ਸੋਚਦਾ ਹੈ ਕਿ ਉਹ ਸਨਾਤਨ ਹੈ, ਕਦੇ ਨਾ ਮੁੱਕਣ ਵਾਲ਼ੇ ਅਨੰਦ ਵੱਲ। ਪਰ ਉਹ ਸੋਚ ਵੀ ਛਿਣਭੰਗੁਰ ਹੈ, ਕਿਉਂ ਜੋ ਉਹ ਦੁੱਖ 'ਚੋਂ ਨਿਕਲੀ ਹੈ। ਵਿਰੋਧ ਭਾਵੇਂ ਕਿੰਨਾ ਹੀ ਹੁਲਾਰਾ ਦੇਣ ਵਾਲ਼ਾ ਕਿਉਂ ਨਾ ਹੋਵੇ, ਉਸ ਦੇ ਆਪਣੇ ਵਿਰੋਧ ਦੇ ਬੀਜ ਵੀ ਉਸ ਦੇ ਅੰਦਰ ਹੀ ਪਏ ਹੁੰਦੇ ਹਨ। ਤਾਂ ਫੇਰ ਸਾਡੀ ਸਾਰੀ ਖੋਜ ਸਿਰਫ਼ 'ਜੋ ਹੈ' ਤੋਂ ਭੱਜਣ ਦੀ ਹੀ ਤਾਂਘ ਹੈ।

'ਤੁਹਾਡਾ ਮਤਲਬ ਹੈ ਕਿ ਸਾਨੂੰ ਖੋਜ ਬੰਦ ਕਰ ਦੇਣੀ ਚਾਹੀਦੀ ਹੈ?'

ਜੇ ਅਸੀਂ ਆਪਣਾ ਪੂਰਾ ਧਿਆਨ 'ਜੋ ਹੈ' ਨੂੰ ਸਮਝਣ 'ਤੇ ਲਾ ਪਾਈਏ, ਤਾਂ ਖੋਜ ਦੀ, ਜਿਸ ਰੂਪ 'ਚ ਅਸੀਂ ਉਸ ਨੂੰ ਜਾਣਦੇ ਹਾਂ, ਸ਼ਾਇਦ ਲੋੜ ਹੀ ਨਾ ਰਹੇ। ਜਦੋਂ ਮਨ ਦੁੱਖ ਤੋਂ ਮੁਕਤ ਹੁੰਦਾ ਹੈ, ਤਾਂ ਫੇਰ ਸੁੱਖ ਲੱਭਣ ਦੀ ਲੋੜ ਹੀ ਕੀ ਰਹਿ ਜਾਂਦੀ ਹੈ?

'ਕੀ ਮਨ ਕਦੇ ਦੁੱਖ ਤੋਂ ਮੁਕਤ ਹੋ ਸਕਦਾ ਹੈ?'

ਇਹ ਸਿੱਟਾ ਕੱਢ ਲੈਣਾ ਕਿ ਇੰਝ ਹੋ ਸਕਦਾ ਹੈ ਜਾਂ ਨਹੀਂ ਹੋ ਸਕਦਾ, ਸਾਰੀ ਪੜਤਾਲ ਤੇ ਸਮਝ ਦਾ ਖ਼ਾਤਮਾ ਕਰ ਦੇਣਾ ਹੈ। ਸਾਨੂੰ ਆਪਣਾ ਸਾਰਾ ਧਿਆਨ ਦੁੱਖ ਨੂੰ ਸਮਝਣ 'ਤੇ ਲਾਉਣਾ ਚਾਹੀਦਾ ਹੈ, ਤੇ ਜੇ ਅਸੀਂ ਉਸ ਤੋਂ ਦੌੜ ਰਹੇ ਹਾਂ ਜਾਂ ਸਾਡਾ ਮਨ ਉਸ ਦੇ ਕਾਰਣ ਨੂੰ ਤਲਾਸ਼ਣ 'ਚ ਖੁੱਭਿਆ ਹੈ ਤਾਂ ਅਸੀਂ ਇਹ ਨਹੀਂ ਕਰ ਸਕਦੇ। ਪੂਰਾ-ਪੂਰਾ ਧਿਆਨ ਉੱਥੇ ਹੋਣਾ ਚਾਹੀਦਾ ਹੈ, ਕੋਈ ਅਸਿੱਧਾ ਸਰੋਕਾਰ ਨਹੀਂ।

ਜਦੋਂ ਮਨ ਕਿਸੇ ਤਲਾਸ਼ 'ਚ ਨਹੀਂ ਹੁੰਦਾ, ਆਪਣੀਆਂ ਖ਼ਾਹਿਸ਼ਾਂ ਤੇ ਲਾਲਸਾਵਾਂ ਰਾਹੀਂ ਟਕਰਾਵ ਨਹੀਂ ਖੜ੍ਹੇ ਕਰ ਰਿਹਾ ਹੁੰਦਾ, ਤਾਂ ਉਹ ਸੂਝ-ਬੂਝ 'ਚ, ਮੌਨ 'ਚ ਹੁੰਦਾ ਹੈ, ਸਿਰਫ਼ ਉਦੋਂ ਹੀ ਉਹ ਅਸੀਮ ਪ੍ਰਗਟ ਹੋ ਸਕਦਾ ਹੈ।

## 19. ਜਿੱਥੇ ਹਉਮੈ ਹੈ, ਪਿਆਰ ਨਹੀਂ ਹੋ ਸਕਦਾ

ਗੇਟ ਵੜਦਿਆਂ ਸਾਰ ਹੀ ਸੁਰਖ਼ ਗੁਲਾਬਾਂ ਦੀਆਂ ਭਰੀਆਂ ਝਾੜੀਆਂ ਸਨ, ਖ਼ੁਸ਼ਬੂ ਨਾਲ਼ ਭਰੇ ਗੁਲਾਬ ਤੇ ਉਨ੍ਹਾਂ ਦੁਆਲ਼ੇ ਮੰਡਰਾਉਂਦੀਆਂ ਫਿਰਦੀਆਂ ਤਿਤਲੀਆਂ। ਗੈਂਦੇ ਦੇ ਫੁੱਲ ਤੇ ਮਟਰਾਂ ਦੀਆਂ ਫਲ਼ੀਆਂ ਵੀ ਖਿੜ ਰਹੀਆਂ ਸਨ। ਬਾਗ਼ ਤੋਂ ਨਦੀ ਦਾ ਨਜ਼ਾਰਾ ਨਜ਼ਰ ਆਉਂਦਾ ਸੀ, ਜੋ ਉਸ ਵੇਲ਼ੇ ਸੰਧਿਆ ਦੇ ਡੁੱਬਦੇ ਸੂਰਜ ਦੀ ਸੁਨਹਿਰੀ ਰੌਸ਼ਨੀ 'ਚ ਨਹਾਈ ਸੀ। ਗੰਡੋਲਾ (ਦੋਹੇ ਨੁੱਕਰਾਂ ਤੋਂ ਉੱਪਰ ਨੂੰ ਉੱਠੀਆਂ ਚੌੜੇ ਤਲੇ ਵਾਲ਼ੀਆਂ ਕਸ਼ਤੀਆਂ, ਜਿਹੜੀਆਂ ਇੱਕੋ ਚੱਪੂ ਨਾਲ਼ ਚੱਲਦੀਆਂ ਹਨ) ਵਰਗੀਆਂ ਲਗਦੀਆਂ ਮੱਛੀ ਫੜ੍ਹਨ ਵਾਲ਼ੀਆਂ ਬੇੜੀਆਂ ਪਾਣੀਂ ਦੇ ਅਡੋਲ ਤਲ 'ਤੇ ਗੂੜ੍ਹੇ ਪਰਛਾਵਿਆਂ ਵਾਂਗ ਦਿਖਦੀਆਂ। ਪਰਲੇ ਕਿਨਾਰੇ 'ਤੇ ਰੁੱਖਾਂ ਵਿਚਾਲੇ ਘਿਰਿਆ ਪਿੰਡ ਕੋਈ ਮੀਲ ਤੋਂ ਵੱਧ ਦੂਰ ਹੋਵੇਗਾ, ਫੇਰ ਵੀ ਪਰਲੇ ਪਾਰੋਂ ਆਉਂਦੀਆਂ ਆਵਾਜ਼ਾਂ ਸਾਫ਼ ਸੁਣਾਈ ਦੇ ਰਹੀਆਂ ਸਨ। ਗੇਟ ਤੋਂ ਹੀ ਇੱਕ ਰਸਤਾ ਨਦੀ ਤਾਈਂ ਜਾਂਦਾ ਸੀ। ਉਹ ਇੱਕ ਟੁੱਟੀ ਭੱਜੀ ਜਿਹੀ ਸੜਕ ਨਾਲ਼ ਜੁੜਦਾ ਸੀ, ਜਿਸਨੂੰ ਪਿੰਡ ਦੇ ਲੋਕ ਸ਼ਹਿਰ ਆਉਣ ਜਾਣ ਲਈ ਵਰਤਦੇ ਸਨ। ਨਦੀ 'ਚ ਡਿੱਗਦੀ ਇੱਕ ਹੋਰ ਵੇਈਂ ਦੇ ਕੰਢੇ 'ਤੇ ਉਹ ਸੜਕ ਅਚਾਨਕ ਹੀ ਖ਼ਤਮ ਹੋ ਜਾਂਦੀ ਸੀ। ਇਹ ਰੇਤੀਲਾ ਕਿਨਾਰਾ ਨਹੀਂ ਸੀ, ਸੰਘਣਾ ਗਾਰਾ ਸੀ, ਜਿਸ 'ਚ ਪੈਰ ਖੁੱਭਦੇ ਸਨ। ਇੱਥੇ ਹੁਣ ਉਹ ਵੇਈਂ ਉੱਤੋਂ ਦੀ ਬਾਂਸਾਂ ਦਾ ਇੱਕ ਪੁਲ ਬਣਾਉਣ ਵਾਲ਼ੇ ਸਨ; ਪਰ ਫਿਲਹਾਲ ਸ਼ਹਿਰੋਂ ਆਪਣੇ ਕੰਮ ਧੰਦੇ ਮੁਕਾਅ ਕੇ ਮੁੜਦੇ ਪਿੰਡ ਦੇ ਲੋਕ ਇੱਕ ਬੇਢੱਬੀ ਜਿਹੀ ਕਿਸ਼ਤੀ 'ਚ ਚੁੱਪੇ-ਚਪੀਤੇ ਬੈਠੇ ਸਨ। ਜਦੋਂ ਸਾਰੇ ਲੋਕੀ ਸ਼ਾਮ ਦੀ ਠੰਡ 'ਚ ਸੁੰਗੜੇ ਇੱਕ-ਦੂਜੇ ਨਾਲ਼ ਫਸ ਕੇ ਬੈਠੇ ਸਨ, ਦੋ ਬੰਦੇ ਚੱਪੂ ਮਾਰਦੇ ਹੋਏ ਕਿਸ਼ਤੀ ਨੂੰ ਉਸ ਪਾਰ ਲੈ ਗਏ। ਹਨ੍ਹੇਰਾ ਹੋਣ 'ਤੇ ਬਾਲ਼ਣ ਲਈ ਇੱਕ ਛੋਟੀ ਜਿਹੀ ਅੰਗੀਠੀ ਵੀ ਉੱਥੇ ਪਈ ਸੀ, ਪਰ ਉਨ੍ਹਾਂ ਨੂੰ ਰਾਹ ਦਿਖਾਉਣ ਲਈ ਚੰਦਰਮਾ ਵੀ ਸੀ। ਇੱਕ ਛੋਟੀ ਜਿਹੀ ਕੁੜੀ ਬਾਲਣ ਦਾ ਗੱਠੜ ਲੈ ਕੇ ਜਾ ਰਹੀ ਸੀ; ਵੇਈਂ ਤੋਂ ਪਾਰ ਜਾਂਦੇ ਹੋਏ ਉਸਨੇ ਉਹਨੂੰ ਭੁੰਜੇ ਰੱਖ ਦਿੱਤਾ ਸੀ, ਤੇ ਹੁਣ ਉਸ ਨੂੰ ਦੁਬਾਰਾ ਚੁੱਕਣ 'ਚ ਉਹਨੂੰ ਮੁਸ਼ਕਿਲ ਆ ਰਹੀ ਸੀ। ਛੋਟੀ ਜਿਹੀ ਉਸ ਕੁੜੀ ਲਈ ਉਹ ਕੁਝ ਜ਼ਰੂਰਤ ਨਾਲ਼ੋਂ ਜ਼ਿਆਦਾ ਹੀ ਭਾਰੀ ਸੀ, ਪਰ ਕਿਸੇ ਦੀ ਮਦਦ ਨਾਲ਼ ਉਸਨੇ ਸੰਵਾਰ ਕੇ ਉਸ ਨੂੰ ਆਪਣੇ ਨਿੱਕੇ ਜਿਹੇ ਸਿਰ 'ਤੇ ਟਿਕਾ ਲਿਆ, ਤੇ ਉਸ ਦੀ ਮੁਸਕਾਨ ਪੂਰੀ ਕਾਇਨਾਤ ਨੂੰ ਭਰਦੀ ਜਾਪਦੀ ਸੀ। ਅਸੀਂ ਸਾਰੇ ਕਿਨਾਰੇ ਦੀ ਚੜ੍ਹਾਈ 'ਤੇ ਸੰਭਲ-ਸੰਭਲ ਕੇ ਚੜ੍ਹ ਰਹੇ ਸੀ, ਗੱਲਾਂ ਮਾਰਦੇ ਪਿੰਡ ਦੇ ਲੋਕ ਕੋਲ਼ੋਂ ਦੀ ਲੰਘ ਕੇ ਸੜਕ 'ਤੇ ਜਾ ਪਹੁੰਚੇ ਸਨ।

ਖੁੱਲ੍ਹਾ-ਡੁੱਲ੍ਹਾ ਪੇਂਡੂ ਇਲਾਕਾ ਸੀ, ਸਦੀਆਂ ਤੋਂ ਜਮ੍ਹਾ ਹੁੰਦੀ ਗਾਰ ਨੇ ਧਰਤੀ ਨੂੰ ਬੇਹੱਦ ਉਪਜਾਊ ਬਣਾ ਦਿੱਤਾ ਸੀ। ਵਾਹੀ ਸੰਵਾਰੀ ਪੱਧਰੀ ਜ਼ਮੀਨ ਦੂਰ ਦੁਮੇਲ ਤਾਈਂ ਫ਼ੈਲੀ ਸੀ, ਪੁਰਾਣੇ ਸ਼ਾਨਦਾਰ ਰੁੱਖ ਵਿੱਚ-ਵਿੱਚ ਛਿਤਰਾਏ ਪਏ ਸਨ। ਭਿੰਨੀ-ਭਿੰਨੀ ਮਹਿਕ ਛੱਡਦੇ ਮਟਰਾਂ ਦੇ ਸਫ਼ੇਦ ਖੇਤ ਸਨ, ਖਿੜਨ 'ਤੇ ਆਏ ਹੋਏ, ਕਣਕ ਤੇ ਸਿਆਲਾਂ ਦੀਆਂ ਹੋਰ ਫ਼ਸਲਾਂ। ਇੱਕ ਪਾਸੇ ਵਲ਼ ਖਾਂਦੀ ਜਾਂਦੀ ਭਰਪੂਰ ਨਦੀ ਵਗ ਰਹੀ ਸੀ ਤੇ ਪਰਲੇ ਪਾਸੇ ਇੱਕ ਪਿੰਡ ਵਸਿਆ

ਸੀ, ਆਪਣੀਆਂ ਸਰਗਰਮੀਆਂ 'ਚ ਰੁੱਝਿਆ। ਇਹ ਮਾਰਗ ਬਹੁਤ ਪੁਰਾਣਾ ਸੀ; ਕਿਹਾ ਜਾਂਦਾ ਹੈ ਕਿ ਕਦੇ ਬੁੱਧ ਵੀ ਇਸੇ ਰਾਹ 'ਤੇ ਤੁਰੇ ਸਨ, ਸਦੀਆਂ ਤੋਂ ਤੀਰਥ ਯਾਤਰੀ ਇਸ ਦਾ ਇਸਤੇਮਾਲ ਕਰਦੇ ਆ ਰਹੇ ਸਨ। ਇਹ ਪਵਿੱਤਰ ਰਸਤਾ ਸੀ, ਤੇ ਛੋਟੇ-ਛੋਟੇ ਮੰਦਰ ਥਾਂ-ਥਾਂ 'ਤੇ ਪੂਰੇ ਰਸਤੇ 'ਚ ਬਣੇ ਹੋਏ ਸਨ। ਇਮਲੀ ਤੇ ਅੰਬਾਂ ਦੇ ਰੁੱਖ ਵੀ ਅਥੁਰ ਪੁਰਾਣੇ ਸਨ, ਤੇ ਕਈ ਹੁਣ ਲੰਮੀ ਜੂਨ ਭੋਗ ਕੇ, ਮਰਨ ਕਿਨਾਰੇ ਸਨ, ਉਨ੍ਹਾਂ ਬਹੁਤ ਕੁਝ ਦੇਖਿਆ ਸੀ। ਸੰਧੂਰੀ ਹੋਏ ਆਸਮਾਨ ਹੇਠਾਂ ਉਹ ਸਿਰ ਚੁੱਕੀ ਸਿੱਧੇ ਸਤੂਰ ਖੜ੍ਹੇ ਸਨ, ਉਨ੍ਹਾਂ ਦੀਆਂ ਫ਼ੈਲੀਆਂ ਹੋਈਆਂ ਟਹਿਣੀਆਂ ਸਾਂਵਲੀਆਂ ਹੁੰਦੀਆਂ ਜਾ ਰਹੀਆਂ ਸਨ। ਥੋੜ੍ਹੀ ਦੂਰ ਅੱਗੇ ਉਮਰ ਨਾਲ਼ ਪੀਲੇ ਪੈਂਦੇ ਜਾ ਰਹੇ ਬਾਂਸਾਂ ਦਾ ਇੱਕ ਝੁੰਡ ਸੀ, ਛੋਟੀ ਜਿਹੀ ਬਗ਼ੀਚੀ 'ਚ ਕਿਸੇ ਫਲ਼ਦਾਰ ਬਿਰਖ ਨਾਲ਼ ਬੱਝੀ ਕੋਈ ਬੱਕਰੀ ਆਪਣੇ ਮੇਮਨੇ ਲਈ ਮਿਮਿਆ ਰਹੀ ਸੀ, ਜਿਹੜਾ ਆਲ਼ੇ-ਦੁਆਲ਼ੇ ਛਾਲ਼ਾਂ ਮਾਰਦਾ, ਕੁੱਦਦਾ ਫਿਰਦਾ ਸੀ। ਰਸਤਾ ਅੰਬਾਂ ਦੇ ਇੱਕ ਹੋਰ ਬਾਗ਼ ਵਿੱਚੋਂ ਦੀ ਹੋ ਕੇ ਲੰਘਿਆ, ਤੇ ਇੱਕ ਸ਼ਾਂਤ ਤਲਾਅ ਦੇ ਕੋਲੋਂ ਦੀ। ਚਾਰੇ ਪਾਸੇ ਇੱਕ ਸ਼ਾਂਤ ਚੁੱਪੀ ਸੀ, ਹਰ ਸ਼ੈਅ ਸੰਧਿਆ ਦੀ ਇਸ ਪਾਵਨ ਘੜੀ ਨੂੰ ਮਹਿਸੂਸ ਕਰ ਰਹੀ ਸੀ। ਇਹ ਧਰਤੀ ਤੇ ਇਸਦੀ ਹਰ ਸ਼ੈਅ ਪਵਿੱਤਰ ਹੋ ਗਈ ਸੀ। ਇੰਝ ਨਹੀਂ ਸੀ ਕਿ ਮਨ ਆਪਣੇ ਤੋਂ ਬਾਹਰ ਦੀ ਕਿਸੇ ਸ਼ਾਂਤੀ ਬਾਰੇ ਸਜਗ ਸੀ, ਜਿਸਨੂੰ ਯਾਦ ਰੱਖਣਾ ਤੇ ਦੂਜਿਆਂ ਤਾਈਂ ਪਹੁੰਚਾਣਾ ਹੁੰਦਾ ਹੈ, ਸਗੋਂ ਮਨ ਅੰਦਰ ਕੋਈ ਲਹਿਰ ਨਹੀਂ ਸੀ ਉੱਠ ਰਹੀ। ਸਿਰਫ਼ ਉਹ ਅਸੀਮ ਹੀ ਸੀ।

ਉਹ ਕੋਈ ਚਾਲੀ ਕੁ ਸਾਲਾਂ ਦਾ ਨਜ਼ਰ ਆਉਂਦਾ ਸੀ, ਉਸ ਦੇ ਮੁਤਾਬਕ ਉਹ ਲੋਕਾਂ ਨੂੰ ਮੁਖ਼ਾਤਬ ਹੁੰਦਾ ਰਿਹਾ ਸੀ, ਤੇ ਪੂਰੇ ਆਤਮ-ਵਿਸ਼ਵਾਸ ਨਾਲ਼ ਗੱਲ ਕਰਦਾ ਸੀ, ਪਰ ਹਾਲੇ ਵੀ ਉਸ ਦੇ ਅੰਦਰ ਇੱਕ ਝਿਜਕ ਸੀ। ਆਪਣੀ ਉਮਰ ਦੇ ਅਨੇਕਾਂ ਲੋਕਾਂ ਵਾਂਗ ਉਸਨੇ ਵੀ ਕਦੇ ਸਿਆਸਤ 'ਚ ਹਲਕਾ-ਫੁਲਕਾ ਹਿੱਸਾ ਲਿਆ ਸੀ, ਸਮਾਜ-ਸੁਧਾਰ ਤੇ ਧਾਰਮਿਕ ਲਹਿਰਾਂ 'ਚ। ਉਹ ਕਵਿਤਾ ਵੀ ਲਿਖਦਾ ਰਿਹਾ ਸੀ, ਤੇ ਥੋੜ੍ਹੀ ਬਹੁਤ ਚਿੱਤਰਕਾਰੀ ਵੀ ਕਰ ਸਕਦਾ ਸੀ। ਕਈ ਉੱਘੇ ਲੀਡਰ ਉਸ ਦੇ ਮਿੱਤਰ ਸਨ, ਉਹ ਵੀ ਸਿਆਸਤ 'ਚ ਅੱਗੇ ਤੱਕ ਜਾ ਸਕਦਾ ਸੀ; ਪਰ ਉਸਨੇ ਦੂਸਰਾ ਰਾਹ ਚੁਣਿਆ ਤੇ ਇਸ ਦੂਰ-ਦੁਰਾਡੇ ਦੇ ਇੱਕ ਪਹਾੜੀ ਟਾਊਨ 'ਚ ਛੁਪਿਆ ਰਹਿ ਕੇ ਉਹ ਖ਼ੁਸ਼ ਸੀ।

'ਕਈ ਸਾਲਾਂ ਤੋਂ ਤੁਹਾਨੂੰ ਮਿਲਣ ਦੀ ਮੇਰੀ ਇੱਛਾ ਰਹੀ ਹੈ। ਤੁਹਾਨੂੰ ਸ਼ਾਇਦ ਯਾਦ ਨਾ ਹੋਵੇ, ਪਰ ਯੂਰਪ ਜਾਂਦੇ ਹੋਏ ਆਪਾਂ ਇੱਕ ਵਾਰੀ ਇਕੱਠੇ, ਇੱਕੋ ਜਹਾਜ਼ 'ਚ ਸਫ਼ਰ ਕੀਤਾ ਹੈ, ਦੂਜੀ ਵੱਡੀ ਜੰਗ ਤੋਂ ਪਹਿਲਾਂ। ਮੇਰੇ ਪਿਤਾ ਜੀ ਦੀ ਤੁਹਾਡੀਆਂ ਸਿੱਖਿਆਵਾਂ 'ਚ ਕਾਫ਼ੀ ਰੁਚੀ ਸੀ, ਪਰ ਮੈਂ ਸਿਆਸਤ ਵੱਲ ਚਲਾ ਗਿਆ ਤੇ ਹੋਰਨਾਂ ਕੰਮਾਂ 'ਚ ਉਲਝ ਗਿਆ। ਤੁਹਾਡੇ ਨਾਲ਼ ਦੋਬਾਰਾ ਗੱਲ ਕਰਨ ਦੀ ਮੇਰੀ ਇੱਛਾ ਆਖ਼ਰ ਇੰਨੀ ਵੱਧ ਗਈ ਕਿ ਮੇਰੇ ਲਈ ਹੁਣ ਉਸ ਨੂੰ ਟਾਲਣਾ ਔਖਾ ਸੀ। ਮੈਂ ਆਪਣਾ ਦਿਲ ਖੋਲ੍ਹਣਾ ਚਾਹੁੰਦਾ ਹਾਂ, ਅੰਦਰ ਸਾਂਝਾ ਕਰਨਾ, ਜੋ ਮੈਂ ਕਦੇ ਕਿਸੇ ਨਾਲ਼ ਨਹੀਂ ਕੀਤਾ, ਦੂਜਿਆਂ ਨਾਲ਼ ਆਪਣੇ ਬਾਰੇ ਗੱਲ ਕਰਨੀ ਕਦੇ ਵੀ ਸੌਖੀ ਨਹੀਂ ਹੁੰਦੀ। ਪਿਛਲੇ ਕੁਝ ਸਮੇਂ ਤੋਂ ਮੈਂ ਅੱਡ-ਅੱਡ ਥਾਵਾਂ 'ਤੇ ਤੁਹਾਡੀਆਂ ਵਾਰਤਾਵਾਂ

ਤੇ ਚਰਚਾਵਾਂ 'ਚ ਸ਼ਾਮਿਲ ਹੁੰਦਾ ਰਿਹਾ ਹਾਂ, ਪਰ ਹੁਣ ਮੇਰੇ ਅੰਦਰ ਤੁਹਾਨੂੰ ਨਿੱਜੀ ਤੌਰ 'ਤੇ ਮਿਲਣ ਦੀ ਖ਼ਾਹਿਸ਼ ਜ਼ੋਰ ਫੜ੍ਹ ਗਈ ਸੀ, ਕਿਉਂਕਿ ਮੈਂ ਇੱਕ ਦੁਚਿੱਤੀ 'ਚ ਫਸ ਗਿਆ ਹਾਂ, ਜਿਸ 'ਚੋਂ ਨਿਕਲਣ ਦਾ ਰਾਹ ਨਹੀਂ ਸੁੱਝ ਰਿਹਾ।'

ਕਿਸ ਤਰ੍ਹਾਂ ਦੀ ਦੁਚਿੱਤੀ?

'ਮੈਂ ਇੱਕ ਜਗ੍ਹਾ ਅਟਕ ਗਿਆ ਹਾਂ, ਲਗਦਾ ਹੈ ਮੈਂ ਉੱਥੋਂ 'ਅੱਗੇ ਨਿਕਲਣ' ਦੇ ਸਮਰੱਥ ਨਹੀਂ। ਮੈਂ ਕੁਝ ਧਿਆਨ ਕਰਦਾ ਰਿਹਾ ਹਾਂ, ਮਦਹੋਸ਼ ਕਰਨ ਵਾਲ਼ੇ ਨਹੀਂ, ਬਸ ਆਪਣੀਆਂ ਸੋਚਾਂ ਬਾਰੇ ਸਜਗ ਹੋਣ ਦੀ ਕੋਸ਼ਿਸ਼ ਕਰਦੇ ਹੋਏ। ਜਦੋਂ ਵੀ ਮੈਂ ਇਹ ਕੋਸ਼ਿਸ਼ ਕਰਦਾ, ਹਰ ਵਾਰ ਮੈਨੂੰ ਨੀਂਦ ਆ ਜਾਂਦੀ। ਮੈਨੂੰ ਲੱਗਿਆ ਕਿ ਮੈਂ ਸੁਸਤ ਹਾਂ, ਸਹੂਲਤ ਪਸੰਦ, ਇਸ ਲਈ ਇੰਝ ਹੁੰਦਾ ਹੈ। ਮੈਂ ਭੁੱਖਾ ਰਹਿਣਾ ਸ਼ੁਰੂ ਕਰ ਦਿੱਤਾ, ਖ਼ੁਰਾਕ ਬਦਲ-ਬਦਲ ਕੇ ਦੇਖੀ, ਪਰ ਉਹ ਸੁਸਤੀ ਜਿਉਂ ਦੀ ਤਿਉਂ ਹੈ।'

ਇਹ ਸੁਸਤੀ ਕਰਕੇ ਹੈ ਜਾਂ ਇਸਦੀ ਕੋਈ ਹੋਰ ਵਜ੍ਹਾ ਹੈ? ਕੀ ਤੁਹਾਡੇ ਅੰਦਰ ਕੋਈ ਨਿਰਾਸ਼ਾ ਛੁਪੀ ਹੈ? ਕੀ ਜ਼ਿੰਦਗੀ ਦੀਆਂ ਘਟਨਾਵਾਂ ਨੇ ਤੁਹਾਨੂੰ ਸੁਸਤ ਤੇ ਅਸੰਵੇਦਨਸ਼ੀਲ ਬਣਾ ਦਿੱਤਾ ਹੈ? ਜੇ ਬੁਰਾ ਨਾ ਮੰਨੋਂ, ਕੀ ਇਸ ਕਰਕੇ ਤਾਂ ਨਹੀਂ ਕਿ ਅੰਦਰ ਕੋਈ ਪਿਆਰ ਹੀ ਨਹੀਂ?

'ਮੈਨੂੰ ਕੁਝ ਪਤਾ ਨਹੀਂ; ਮੈਂ ਮੋਟੇ ਤੌਰ 'ਤੇ ਸੋਚਣ ਦੀ ਕੋਸ਼ਿਸ਼ ਕੀਤੀ, ਪਰ ਕਦੇ ਵੀ ਕਿਸੇ ਪੱਕੇ ਨਤੀਜੇ 'ਤੇ ਨਹੀਂ ਪਹੁੰਚ ਸਕਿਆ। ਸ਼ਾਇਦ ਚੰਗੀਆਂ ਤੇ ਓਨੀਆਂ ਹੀ ਮਾੜੀਆਂ ਘਟਨਾਵਾਂ ਦੀ ਭਰਮਾਰ ਨੇ ਮੈਨੂੰ ਨਿਸਲ ਜਿਹਾ ਕਰ ਦਿੱਤਾ ਹੈ। ਇੱਕ ਤਰੀਕੇ ਨਾਲ਼ ਜ਼ਿੰਦਗੀ ਮੇਰੇ ਲਈ ਬਹੁਤ ਸੌਖੀ ਰਹੀ ਹੈ, ਸਭ ਕੁਝ ਠੀਕ ਹੈ, ਪਰਿਵਾਰ, ਪੈਸਾ-ਧੇਲਾ, ਤੇ ਕੁਝ ਹੁਨਰ ਵੀ ਹੈ। ਕੁਝ ਵੀ ਕਦੇ ਮੁਸ਼ਕਿਲ ਨਹੀਂ ਰਿਹਾ, ਤੇ ਹੋ ਸਕਦਾ ਹੈ ਕਿ ਇਹੋ ਮੁਸੀਬਤ ਹੋਵੇ। ਹਮੇਸ਼ਾਂ ਇੱਕ ਸੁੱਖ-ਆਰਾਮ 'ਚ ਰਹਿਣ ਦਾ ਅਹਿਸਾਸ ਤੇ ਕਿਸੇ ਵੀ ਹਾਲਤ 'ਚੋਂ ਨਿਕਲ ਆਉਣ ਦੀ ਕਾਬਲੀਅਤ ਨੇ ਸ਼ਾਇਦ ਮੈਨੂੰ ਪੋਲਾ ਬਣਾ ਦਿੱਤਾ ਹੈ।'

ਕੀ ਇਹੋ ਗੱਲ ਹੈ? ਕੀ ਇਹ ਸਾਰੀਆਂ ਉੱਪਰ-ਉੱਪਰ ਦੀਆਂ ਹੀ ਗੱਲਾਂ ਨਹੀਂ? ਜੇ ਇਨ੍ਹਾਂ ਚੀਜ਼ਾਂ ਨੇ ਤੁਹਾਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੁੰਦਾ, ਤਾਂ ਤੁਹਾਡੀ ਜ਼ਿੰਦਗੀ ਕੁਝ ਹੋਰ ਤਰ੍ਹਾਂ ਦੀ ਹੋਣੀ ਸੀ, ਫੇਰ ਤੁਸੀਂ ਆਸਾਨ ਰਾਹ ਚੁਣਿਆ ਹੋਣਾ ਸੀ। ਪਰ ਤੁਸੀਂ ਇੰਝ ਨਹੀਂ ਕੀਤਾ, ਇਸ ਲਈ ਜ਼ਰੂਰ ਕੋਈ ਹੋਰ ਗੱਲ ਹੋਵੇਗੀ ਜਿਹੜੀ ਤੁਹਾਨੂੰ ਸੁਸਤ ਤੇ ਨਕਾਰਾ ਬਣਾ ਰਹੀ ਹੈ।

'ਫੇਰ ਕੀ ਹੋ ਸਕਦਾ ਹੈ? ਕਾਮ ਵਾਸਨਾ ਮੇਰੇ ਲਈ ਕੋਈ ਪਰੇਸ਼ਾਨੀ ਨਹੀਂ; ਮੈਂ ਉਸ 'ਚ ਲਿਪਤ ਰਿਹਾ ਹਾਂ, ਪਰ ਉਹ ਕਦੇ ਮੇਰੇ ਲਈ ਇੰਨਾ ਜਨੂੰਨ ਨਹੀਂ ਬਣੀ ਕਿ ਮੈਂ ਉਸ ਦਾ ਗ਼ੁਲਾਮ ਹੀ ਹੋ ਜਾਵਾਂ। ਮੈਂ ਪਿਆਰ ਕੀਤਾ ਪਰ ਨਾਕਾਮ ਰਿਹਾ, ਪਰ ਨਿਰਾਸ਼ਾ ਕਦੇ ਨਹੀਂ ਹੋਈ। ਇਸ ਗੱਲ ਦਾ ਮੈਨੂੰ ਪੱਕਾ ਪਤਾ ਹੈ। ਮੈਂ ਨਾ ਤਾਂ ਕਾਮ ਵਾਸਨਾ ਨੂੰ ਕਦੇ ਭੰਡਿਆ ਹੈ ਤੇ ਨਾ ਹੀ ਉਸ ਦੇ ਮਗਰ ਦੌੜਿਆ ਹਾਂ। ਇਹ ਮੇਰੇ ਲਈ ਕਿਸੇ ਤਰ੍ਹਾਂ ਦਾ ਮਸਲਾ ਨਹੀਂ ਰਹੀ।'

ਕਿਤੇ ਇਸੇ ਉਦਾਸੀਨਤਾ ਨੇ ਤੁਹਾਡੀ ਸੰਵੇਦਨਸ਼ੀਲਤਾ ਨੂੰ ਬਰਬਾਦ ਤਾਂ ਨਹੀਂ ਕਰ

ਦਿੱਤਾ? ਆਖ਼ਰਕਾਰ, ਪ੍ਰੇਮ ਕੋਮਲ ਹੁੰਦਾ ਹੈ, ਤੇ ਉਹ ਮਨ ਜੋ ਜੀਵਨ ਦੇ ਖ਼ਿਲਾਫ਼ ਬਾੜ ਖੜ੍ਹੀ ਕਰ ਲੈਂਦਾ ਹੈ, ਪਿਆਰ ਨਹੀਂ ਕਰ ਸਕਦਾ।

'ਮੈਨੂੰ ਨਹੀਂ ਲਗਦਾ ਕਿ ਮੈਂ ਕਾਮ ਵਾਸਨਾ ਨੂੰ ਕਦੇ ਦਬਾਇਆ ਹੈ; ਪਰ ਪਿਆਰ ਜ਼ਰੂਰੀ ਨਹੀਂ ਕਿ ਵਾਸਨਾ ਹੀ ਹੋਵੇ, ਮੈਨੂੰ ਸੱਚਮੁੱਚ ਪਤਾ ਨਹੀਂ ਕਿ ਮੇਰੇ ਅੰਦਰ ਪਿਆਰ ਹੈ ਜਾਂ ਨਹੀਂ।'

ਤੁਹਾਡੇ ਸਾਹਮਣੇ ਹੈ, ਮਨਾਂ ਦੀ ਉਸਾਰੀ 'ਤੇ ਅਸੀਂ ਇੰਨਾ ਜ਼ੋਰ ਦਿੰਦੇ ਹਾਂ ਕਿ ਹਿਰਦੇ ਅੰਦਰ ਵੀ ਮਨ ਦੀ ਹੀ ਸਮੱਗਰੀ ਭਰ ਦਿੰਦੇ ਹਾਂ। ਆਪਣਾ ਬਹੁਤਾ ਸਮਾਂ ਤੇ ਊਰਜਾ ਅਸੀਂ ਰੋਜ਼ੀ-ਰੋਟੀ ਕਮਾਉਣ, ਗਿਆਨ ਇਕੱਠਾ ਕਰਨ, ਵਿਸ਼ਵਾਸ ਦੀ ਅੱਗ ਨੂੰ ਬਲ਼ਦਾ ਰੱਖਣ, ਦੇਸ਼ਭਗਤੀ ਅਤੇ ਰਾਜ-ਪੂਜਾ 'ਚ ਹੀ ਖ਼ਰਚ ਕਰਦੇ ਹਾਂ, ਸਮਾਜ-ਸੁਧਾਰ 'ਚ, ਨੇਕੀਆਂ, ਆਦਰਸ਼ਾਂ ਤੇ ਕਈ ਹੋਰ ਚੀਜ਼ਾਂ ਪਿੱਛੇ ਦੌੜਦੇ ਹੋਏ, ਜਿਨ੍ਹਾਂ 'ਚ ਮਨ ਖ਼ੁਦ ਨੂੰ ਉਲਝਾਈ ਰੱਖਦਾ ਹੈ; ਇਸ ਲਈ ਹਿਰਦਾ ਖ਼ਾਲੀ ਰਹਿ ਜਾਂਦਾ ਹੈ, ਤੇ ਮਨ ਚਲਾਕੀਆਂ 'ਚ ਮਾਹਿਰ ਹੋ ਜਾਂਦਾ ਹੈ। ਇਹ ਚੀਜ਼ ਸਾਨੂੰ ਜੜ੍ਹ ਬਣਾ ਦਿੰਦੀ ਹੈ, ਨਹੀਂ?

'ਇਹ ਸੱਚਾਈ ਹੈ ਕਿ ਅਸੀਂ ਮਨ 'ਤੇ ਜ਼ਿਆਦਾ ਜ਼ੋਰ ਦਿੰਦੇ ਹਾਂ। ਅਸੀਂ ਗਿਆਨ ਨੂੰ ਪੂਜਦੇ ਹਾਂ, ਬੁੱਧੀਜੀਵੀਆਂ ਦਾ ਹਰ ਜਗ੍ਹਾ ਮਾਣ-ਸਤਿਕਾਰ ਹੁੰਦਾ ਹੈ, ਪਰ ਜਿਸ ਪਿਆਰ ਦੀ ਤੁਸੀਂ ਗੱਲ ਕਰਦੇ ਹੋ, ਉਹ ਤਾਂ ਸ਼ਾਇਦ ਹੀ ਕੋਈ ਕਰਦਾ ਹੋਵੇਗਾ। ਆਪਣੀ ਗੱਲ ਕਰਾਂ ਤਾਂ ਮੈਂ ਇਮਾਨਦਾਰੀ ਨਾਲ਼ ਨਹੀਂ ਕਹਿ ਸਕਦਾ ਕਿ ਮੇਰੇ ਅੰਦਰ ਪਿਆਰ ਹੈ ਵੀ ਜਾਂ ਨਹੀਂ। ਮੈਂ ਖਾਣ ਲਈ ਜੀਵ ਹੱਤਿਆ ਨਹੀਂ ਕਰਦਾ। ਕੁਦਰਤ ਮੈਨੂੰ ਪਸੰਦ ਹੈ। ਜੰਗਲਾਂ 'ਚ ਜਾ ਕੇ ਉਨ੍ਹਾਂ ਦੇ ਸੁਹੱਪਣ ਤੇ ਖ਼ਾਮੋਸ਼ੀ ਨੂੰ ਮਹਿਸੂਸ ਕਰਨਾ ਚੰਗਾ ਲਗਦਾ ਹੈ; ਖੁੱਲ੍ਹੇ ਆਸਮਾਨ ਹੇਠਾਂ ਸੌਣਾ ਮੈਨੂੰ ਪਸੰਦ ਹੈ। ਪਰ ਕੀ ਇਸ ਸਭ ਦਾ ਇਹ ਮਤਲਬ ਹੈ ਕਿ ਮੇਰੇ ਅੰਦਰ ਪਿਆਰ ਹੈ?'

ਕੁਦਰਤ ਲਈ ਸੰਵੇਦਨਸ਼ੀਲ ਹੋਣਾ ਪਿਆਰ ਦਾ ਹੀ ਹਿੱਸਾ ਹੈ, ਪਰ ਇਹੀ ਪਿਆਰ ਨਹੀਂ, ਜਾਂ ਹੈ? ਨਿਮਰ ਤੇ ਦਿਆਲੂ ਹੋਣਾ, ਨੇਕੀ ਕਰਨਾ ਤੇ ਬਦਲੇ 'ਚ ਕੋਈ ਚਾਹ ਨਾ ਰੱਖਣਾ, ਇਹ ਸਭ ਪ੍ਰੇਮ ਦੇ ਅੰਗ ਹਨ; ਪਰ ਇਹੀ ਪ੍ਰੇਮ ਨਹੀਂ, ਜਾਂ ਹੈ?

'ਫੇਰ ਪਿਆਰ ਕੀ ਹੈ?'

ਇਹ ਸਭ ਕੁਝ ਪਿਆਰ ਹੈ, ਪਰ ਨਾਲ਼ ਹੀ ਹੋਰ ਵੀ ਬਹੁਤ ਕੁਝ ਹੈ। ਪਿਆਰ ਨੂੰ ਪੂਰੀ ਤਰ੍ਹਾਂ ਮਨ 'ਚ ਸਮਾਇਆ ਨਹੀਂ ਜਾ ਸਕਦਾ; ਤੇ ਉਸ ਪੂਰਨਤਾ ਨੂੰ ਜਾਣਨ ਲਈ, ਮਨ ਆਪਣੇ ਰੁਝੇਵਿਆਂ ਤੋਂ ਖ਼ਾਲੀ ਹੋਣਾ ਚਾਹੀਦਾ ਹੈ, ਭਾਵੇਂ ਉਹ ਕਿੰਨੇ ਹੀ ਆਤਮ-ਕੇਂਦਰਿਤ ਜਾਂ ਨੇਕ ਕਿਉਂ ਨਾ ਹੋਣ। ਇਹ ਪੁੱਛਣਾ ਕਿ ਮਨ ਨੂੰ ਖ਼ਾਲੀ ਕਿਵੇਂ ਕਰੀਏ, ਕਿਵੇਂ ਹਉਮੈ ਦੇ ਕੇਂਦਰ ਤੋਂ ਮੁਕਤ ਹੋਵੀਏ, ਇਸ ਦਾ ਮਤਲਬ ਕਿਸੇ ਢੰਗ-ਪ੍ਰਣਾਲੀ ਦੀ ਮੰਗ ਕਰਨਾ ਹੈ; ਤੇ ਇਹ ਮਨ ਦਾ ਹੀ ਇੱਕ ਹੋਰ ਰੁਝੇਵਾਂ ਹੈ।

'ਪਰ ਕੀ ਕਿਸੇ ਕੋਸ਼ਿਸ਼ ਤੋਂ ਬਿਨਾਂ ਮਨ ਨੂੰ ਖ਼ਾਲੀ ਕਰਨਾ ਸੰਭਵ ਹੈ?'

ਸਭ ਕੋਸ਼ਿਸ਼ਾਂ, 'ਸਹੀ' ਵੀ ਤੇ 'ਗ਼ਲਤ' ਵੀ, ਕੇਂਦਰ ਨੂੰ ਮਜਬੂਤ ਕਰਦੀਆਂ ਹਨ, ਹਉਮੈ ਨੂੰ, ਜੋ ਸਾਰੀਆਂ ਪ੍ਰਾਪਤੀਆਂ ਦਾ ਧੁਰਾ ਹੈ। ਜਿੱਥੇ ਹਉਮੈ ਹੈ, ਪਿਆਰ ਨਹੀਂ ਹੋ ਸਕਦਾ। ਪਰ ਅਸੀਂ ਮਨ ਦੀ ਸੁਸਤੀ ਦੀ, ਉਸ ਦੀ ਜੜ੍ਹਤਾ ਦੀ ਗੱਲ ਕਰ ਰਹੇ ਸੀ। ਕੀ ਤੁਸੀਂ ਖ਼ੂਬ ਸਾਰਾ

ਅਧਿਐਨ ਨਹੀਂ ਕੀਤਾ? ਤੇ ਕੀ ਗਿਆਨ ਇਸ ਜੜ੍ਹਤਾ ਦਾ ਹਿੱਸਾ ਨਹੀਂ ਹੋ ਸਕਦਾ?

'ਮੈਂ ਕੋਈ ਵਿਦਵਾਨ ਨਹੀਂ ਹਾਂ, ਪਰ ਮੈਂ ਕਾਫ਼ੀ ਕੁਝ ਪੜ੍ਹਿਆ ਹੈ, ਤੇ ਲਾਇਬ੍ਰੇਰੀਆਂ 'ਚ ਜਾਣਾ ਮੈਨੂੰ ਚੰਗਾ ਲਗਦਾ ਹੈ। ਗਿਆਨ ਦੀ ਮੈਂ ਕਦਰ ਕਰਦਾ ਹਾਂ, ਤੇ ਇਹ ਮੇਰੀ ਸਮਝ 'ਚ ਨਹੀਂ ਆਉਂਦਾ ਕਿ ਕਿਉਂ ਤੁਸੀਂ ਇਹ ਸਮਝਦੇ ਹੋ ਕਿ ਗਿਆਨ ਹਰ ਹਾਲ 'ਚ ਤੁਹਾਨੂੰ ਜੜ੍ਹ ਹੀ ਕਰੇਗਾ।'

ਗਿਆਨ ਤੋਂ ਸਾਡਾ ਕੀ ਭਾਵ ਹੈ? ਸਾਡਾ ਜੀਵਨ ਮੋਟੇ ਤੌਰ 'ਤੇ ਉਸ ਦਾ ਦੁਹਾਰਵ ਹੀ ਹੈ ਜੋ ਸਾਨੂੰ ਸਿਖਾਇਆ ਗਿਆ ਹੈ, ਕੀ ਇੰਝ ਨਹੀਂ ਹੈ? ਅਸੀਂ ਆਪਣੇ ਗਿਆਨ ਭੰਡਾਰ 'ਚ ਵਾਧਾ ਕਰ ਸਕਦੇ ਹਾਂ, ਪਰ ਉਹ ਦੁਹਰਾਵ ਬਣਿਆ ਰਹਿੰਦਾ ਹੈ ਤੇ ਜ਼ਖ਼ੀਰੇਬਾਜ਼ੀ ਦੀ ਆਦਤ ਨੂੰ ਮਜਬੂਤ ਕਰਦਾ ਹੈ। ਜੋ ਤੁਸੀਂ ਪੜ੍ਹਿਆ-ਸੁਣਿਆ ਜਾਂ ਅਨੁਭਵ ਕੀਤਾ ਹੈ, ਉਸ ਤੋਂ ਸਿਵਾਏ ਤੁਸੀਂ ਕੀ ਜਾਣਦੇ ਹੋ? ਜੋ ਤੁਸੀਂ ਹੁਣ ਅਨੁਭਵ ਕਰ ਰਹੇ ਹੋ, ਉਹ ਤੁਹਾਡੇ ਪਹਿਲਾਂ ਦੇ ਅਨੁਭਵਾਂ 'ਤੇ ਨਿਰਭਰ ਕਰਦਾ ਹੈ। ਹੋਰ ਵਧੇਰੇ ਅਨੁਭਵ ਦਾ ਮਤਲਬ ਹੈ, ਪਹਿਲਾਂ ਦੇ ਅਨੁਭਵ 'ਚ ਵਾਧਾ ਜਾਂ ਸੋਧ, ਤੇ ਇੰਝ ਦੁਹਰਾਵ ਬਣਿਆ ਰਹਿੰਦਾ ਹੈ। ਦੁਹਰਾਵ ਭਾਵੇਂ ਚੰਗੇ ਦਾ ਹੋਵੇ ਜਾਂ ਮਾੜੇ ਦਾ, ਕਿਸੇ ਮਾਮੂਲੀ ਚੀਜ਼ ਦਾ ਹੋਵੇ ਜਾਂ ਮਹਾਨ ਸ਼ੈਅ ਦਾ, ਉਹ ਜਾਹਿਰ ਹੈ ਕਿ ਜੜ੍ਹ ਹੀ ਕਰਦਾ ਹੈ, ਕਿਉਂਕਿ ਮਨ ਸਿਰਫ਼ ਜਾਣੇ ਹੋਏ ਦੇ ਅੰਦਰ ਹੀ ਘੁੰਮਦਾ ਰਹਿੰਦਾ ਹੈ। ਕੀ ਇਹ ਤੁਹਾਡੇ ਮਨ ਦੀ ਜੜ੍ਹਤਾ ਦੀ ਵਜ੍ਹਾ ਨਹੀਂ ਹੋ ਸਕਦੀ?

'ਪਰ ਜੋ ਮੈਂ ਜਾਣਦਾ ਹਾਂ ਉਸ ਨੂੰ ਭੁਲਾਅ ਤਾਂ ਨਹੀਂ ਸਕਦਾ, ਜੋ ਵੀ ਮੈਂ ਗਿਆਨ ਇਕੱਠਾ ਕੀਤਾ ਹੈ।'

ਤੁਸੀਂ ਹੀ ਉਹ ਗਿਆਨ ਹੋ, ਤੁਸੀਂ ਉਹ ਵਸਤਾਂ ਹੀ ਹੋ ਜੋ ਤੁਸੀਂ ਇਕੱਠੀਆਂ ਕੀਤੀਆਂ ਹਨ; ਤੁਸੀਂ ਕਿਸੇ ਰਿਕਾਰਡ ਵਾਂਗ ਹੋ, ਜਿਹੜਾ ਹਮੇਸ਼ਾਂ ਉਹ ਦੁਹਰਾਉਂਦਾ ਰਹਿੰਦਾ ਹੈ, ਜੋ ਉਸ 'ਤੇ ਉਕਰਿਆ ਹੋਇਆ ਹੈ। ਤੁਸੀਂ ਆਪਣੇ ਸਮਾਜ, ਸੱਭਿਆਚਾਰ ਦਾ ਹੀ ਰੌਲ਼ਾ-ਗੌਲ਼ਾ ਹੋ, ਉਸ ਦੇ ਗੀਤ ਹੋ। ਕੀ ਤੁਹਾਡਾ ਕੋਈ ਬੇਦਾਗ 'ਆਪਾ' ਹੈ, ਇਸ ਸਾਰੇ ਰੌਲ਼ੇ ਤੋਂ ਇਲਾਵਾ? ਹਉਮੈ ਦਾ ਇਹ ਕੇਂਦਰ ਹੁਣ ਉਸ ਸਾਰੇ ਕੁਝ ਤੋਂ ਛੁੱਟਣ ਲਈ ਕਾਹਲ਼ਾ ਹੈ, ਜੋ ਵੀ ਉਸਨੇ ਇਕੱਠਾ ਕੀਤਾ ਹੈ; ਪਰ ਛੁੱਟਣ ਦੀ ਉਹ ਕੋਸ਼ਿਸ਼ ਵੀ ਉਸੇ ਜ਼ਖ਼ੀਰੇ ਦਾ ਹੀ ਹਿੱਸਾ ਹੈ। ਤੁਹਾਡੇ ਕੋ਼ਲ ਵਜਾਉਣ ਲਈ ਨਵਾਂ ਰਿਕਾਰਡ ਹੈ, ਨਵੇਂ ਬੋਲ, ਪਰ ਤੁਹਾਡਾ ਮਨ ਹਾਲੇ ਵੀ ਜੜ੍ਹ ਹੀ ਹੈ, ਅਸੰਵੇਦਨਸ਼ੀਲ।

'ਬਿਲਕੁਲ ਇਸੇ ਤਰ੍ਹਾਂ ਹੈ; ਤੁਸੀਂ ਮੇਰੀ ਮਾਨਸਿਕ ਹਾਲਤ ਨੂੰ ਬਹੁਤ ਬਾਖ਼ੂਬੀ ਬਿਆਨ ਕੀਤਾ ਹੈ। ਮੈਂ ਤਰ੍ਹਾਂ-ਤਰ੍ਹਾਂ ਦੇ ਸ਼ਬਦਜਾ਼ਲ ਸਿੱਖ ਲਏ ਹਨ, ਸਿਆਸੀ ਤੇ ਰੂਹਾਨੀ ਦੋਹੇਂ ਤਰ੍ਹਾਂ ਦੇ; ਪਰ ਜਿਵੇਂ ਕਿ ਤੁਸੀਂ ਦਿਖਾਇਆ, ਮਨ ਮੇਰਾ ਮੂਲ ਰੂਪ 'ਚ ਉਵੇਂ ਦਾ ਉਵੇਂ ਹੈ। ਮੈਂ ਹੁਣ ਇਸਨੂੰ ਸਾਫ਼-ਸਾਫ਼ ਦੇਖ ਸਕਦਾ ਹਾਂ; ਤੇ ਮੈਂ ਇਸ ਬਾਰੇ ਵੀ ਸਚੇਤ ਹਾਂ ਕਿ ਇਸ ਸਾਰੀ ਪ੍ਰਕਿਰਿਆ 'ਚ ਮਨ ਸਤਹੀ ਤੌਰ 'ਤੇ ਚੌਕਸ ਹੋ ਜਾਂਦਾ ਹੈ, ਚਤੁਰ ਤੇ ਬਾਹਰੀ ਤੌਰ 'ਤੇ ਲਚੀਲਾ ਵੀ ਹੋ ਜਾਂਦਾ ਹੈ, ਪਰ ਅੰਦਰੋਂ ਉਹ ਉਹੀ ਪੁਰਾਣੀ 'ਮੈਂ' ਹੀ ਹੁੰਦੀ ਹੈ, ਆਪਣੇ ਹੀ ਗਿਰਦ ਘੁੰਮਦੀ।'

ਕੀ ਤੁਸੀਂ ਇਸ ਨੂੰ ਇੱਕ ਸੱਚਾਈ ਦੇ ਰੂਪ 'ਚ ਦੇਖਦੇ ਹੋ ਜਾਂ ਇਹ ਕਿਸੇ ਹੋਰ ਦੀ ਕੀਤੀ

ਹੋਈ ਵਿਆਖਿਆ ਹੀ ਹੈ? ਜੇ ਇਹ ਤੁਹਾਡੀ ਆਪਣੀ ਲੱਭਤ ਨਹੀਂ ਹੈ, ਜਿਸਨੂੰ ਤੁਸੀਂ ਖ਼ੁਦ ਆਪ ਦੇਖਿਆ ਤੇ ਮਹਿਸੂਸ ਕੀਤਾ ਹੈ, ਤਾਂ ਇਹ ਹਾਲੇ ਵੀ ਫੋਕੇ ਸ਼ਬਦ ਹੀ ਹਨ, ਸੱਚਾਈ ਨਹੀਂ, ਜਿਸ ਦੀ ਇੱਕ ਮਹੱਤਤਾ ਹੁੰਦੀ ਹੈ।

'ਮੈਂ ਠੀਕ ਤਰ੍ਹਾਂ ਸਮਝਿਆ ਨਹੀਂ। ਪਲੀਜ਼ ਥੋੜ੍ਹਾ ਹੌਲ਼ੀ-ਹੌਲ਼ੀ, ਖੋਲ੍ਹ ਕੇ ਸਮਝਾਓ ਦੁਬਾਰਾ ਤੋਂ।'

ਕੀ ਤੁਸੀਂ ਕਿਸੇ ਚੀਜ਼ ਨੂੰ ਜਾਣਦੇ ਹੋ, ਜਾਂ ਸਿਰਫ਼ ਪਛਾਣਦੇ ਹੀ ਹੋ? ਪਛਾਨਣਾ ਤਾਂ ਯਾਦਦਾਸ਼ਤ ਤੇ ਪੁਰਾਣੀ ਸਾਂਝ ਦਾ ਹੀ ਮਾਮਲਾ ਹੈ, ਜੋ ਕਿ ਗਿਆਨ ਹੈ। ਇਹ ਸੱਚਾਈ ਹੈ, ਹੈ ਜਾਂ ਨਹੀਂ?

'ਮੈਂ ਤੁਹਾਡਾ ਮਤਲਬ ਸਮਝ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਉਹ ਤੋਤਾ ਹੈ, ਕਿਉਂਕਿ ਮੈਨੂੰ ਇਹ ਦੱਸਿਆ ਗਿਆ ਹੈ। ਪੁਰਾਣੀ ਸਾਂਝ ਤੇ ਯਾਦਦਾਸ਼ਤ ਦੇ ਜ਼ਰੀਏ ਹੀ, ਜੋ ਕਿ ਗਿਆਨ ਹੈ, ਮੈਂ ਪਛਾਣਦਾ ਹਾਂ, ਤੇ ਕਹਿੰਦਾ ਹਾਂ, 'ਇਹ ਤੋਤਾ ਹੈ।'

ਉਹ ਸ਼ਬਦ 'ਤੋਤਾ' ਤੁਹਾਨੂੰ ਉਸ ਉੱਡਣ ਵਾਲ਼ੀ ਚੀਜ਼ ਨੂੰ ਦੇਖਣ ਤੋਂ ਰੋਕ ਦਿੰਦੀ ਹੈ, ਰੁਕਾਵਟ ਬਣ ਜਾਂਦੀ ਹੈ। ਆਮ ਤੌਰ 'ਤੇ ਅਸੀਂ ਕਦੇ ਸੱਚਾਈ ਨੂੰ ਦੇਖਦੇ ਹੀ ਨਹੀਂ, ਸਗੋਂ ਉਸ ਲਈ ਵਰਤੇ ਜਾਂਦੇ ਸ਼ਬਦਾਂ ਜਾਂ ਚਿੰਨ੍ਹਾਂ ਨੂੰ ਹੀ ਦੇਖਦੇ ਹਾਂ। ਸੱਚਾਈਆਂ ਪਿੱਛੇ ਰਹਿ ਜਾਂਦੀਆਂ ਹਨ, ਤੇ ਸਿੰਬਲ ਹੀ ਸਾਰੀ ਥਾਂ ਮੱਲ ਲੈਂਦੇ ਹਨ। ਕੀ ਹੁਣ ਤੁਸੀਂ ਸ਼ਬਦ ਤੇ ਸਿੰਬਲ ਨਾਲ਼ੋਂ ਵੱਖਰੇ ਤੌਰ 'ਤੇ ਸੱਚਾਈ ਨੂੰ ਦੇਖ ਸਕਦੇ ਹੋ?

'ਮੈਨੂੰ ਲਗਦਾ ਹੈ ਕਿ ਸੱਚਾਈ ਦਾ ਬੋਧ ਤੇ ਉਸ ਸੱਚਾਈ ਨੂੰ ਪ੍ਰਗਟਾਉਣ ਵਾਲ਼ੇ ਸ਼ਬਦ ਬਾਰੇ ਸਜਗਤਾ ਮਨ 'ਚ ਇੱਕੋ ਸਮੇਂ ਹੁੰਦੀ ਹੈ।'

ਕੀ ਮਨ ਸੱਚਾਈ ਨੂੰ ਸ਼ਬਦ ਨਾਲ਼ੋਂ ਵੱਖਰਾ ਕਰ ਸਕਦਾ ਹੈ?

'ਮੈਨੂੰ ਨਹੀਂ ਲਗਦਾ।'

ਸ਼ਾਇਦ ਅਸੀਂ ਇਸਨੂੰ ਕੁਝ ਜ਼ਿਆਦਾ ਹੀ ਮੁਸ਼ਕਿਲ ਬਣਾ ਰਹੇ ਹਾਂ, ਇੰਨਾ ਇਹ ਹੈ ਨਹੀਂ। ਇੱਕ ਚੀਜ਼ ਹੈ ਜਿਸਨੂੰ ਦਰੱਖ਼ਤ ਕਹਿੰਦੇ ਨੇ; ਸ਼ਬਦ ਤੇ ਉਹ ਚੀਜ਼ ਦੋ ਅਲੱਗ ਚੀਜ਼ਾਂ ਹਨ, ਕੀ ਨਹੀਂ ਹਨ?

'ਅਸਲ 'ਚ ਇਹ ਇਸੇ ਤਰ੍ਹਾਂ ਹੈ; ਪਰ ਜਿਵੇਂ ਕਿ ਤੁਸੀਂ ਕਿਹਾ ਅਸੀਂ ਚੀਜ਼ਾਂ ਨੂੰ ਹਮੇਸ਼ਾਂ ਸ਼ਬਦਾਂ ਰਾਹੀਂ ਹੀ ਦੇਖਦੇ ਹਾਂ।'

ਕੀ ਤੁਸੀਂ ਚੀਜ਼ ਨੂੰ ਸ਼ਬਦ ਨਾਲ਼ੋਂ ਅਲੱਗ ਕਰ ਸਕਦੇ ਹੋ? 'ਪਿਆਰ' ਸ਼ਬਦ ਤਾਂ ਉਹ ਅਹਿਸਾਸ ਨਹੀਂ ਹੈ, ਪਿਆਰ ਦੀ ਹਕੀਕਤ।

'ਪਰ ਇੱਕ ਤਰ੍ਹਾਂ ਨਾਲ਼ ਸ਼ਬਦ ਵੀ ਤਾਂ ਸੱਚਾਈ ਹੈ, ਕੀ ਨਹੀਂ ਹੈ?'

ਹਾਂ, ਇੱਕ ਤਰ੍ਹਾਂ ਨਾਲ਼ ਹੈ। ਸ਼ਬਦ ਗੱਲ-ਬਾਤ ਲਈ ਹਨ ਤੇ ਯਾਦ ਰੱਖਣ ਦੇ ਲਈ, ਛਿਣ-ਛਿਣ ਘਟਦੇ ਅਨੁਭਵ ਨੂੰ ਮਨ ਅੰਦਰ ਸੰਭਾਲਣ ਲਈ, ਕਿਸੇ ਵਿਚਾਰ ਜਾਂ ਅਹਿਸਾਸ ਨੂੰ; ਇਸ ਤਰ੍ਹਾਂ ਮਨ ਖ਼ੁਦ ਹੀ ਸ਼ਬਦ ਹੈ, ਅਨੁਭਵ ਹੈ, ਇਹ ਚੰਗੀਆਂ-ਮਾੜੀਆਂ, ਸੁਖਾਵੀਆਂ ਤੇ ਤਕਲੀਫ਼ਦੇਹ ਸੱਚਾਈਆਂ ਦੀ ਯਾਦ ਹੈ। ਇਹ ਸਾਰਾ ਕੁਝ ਸਮੇਂ ਅੰਦਰ ਘਟਦਾ ਹੈ, ਜਾਣੇ ਹੋਏ ਦਾ ਦਾਇਰਾ; ਤੇ ਇਸ ਘੇਰੇ ਦੇ ਅੰਦਰ ਹੁੰਦਾ ਕੋਈ ਇਨਕਲਾਬ ਤਾਂ ਇਨਕਲਾਬ ਹੈ

ਹੀ ਨਹੀਂ, ਸਗੋਂ ਸਿਰਫ਼ ਜੋ ਪਹਿਲਾਂ ਤੋਂ ਹੈ ਉਸ ’ਚ ਥੋੜ੍ਹਾ-ਬਹੁਤ ਸੁਧਾਰ ਹੈ।

‘ਜੇ ਮੈਂ ਤੁਹਾਨੂੰ ਸਮਝ ਸਕਿਆ ਹਾਂ, ਤਾਂ ਤੁਹਾਡਾ ਮਤਲਬ ਹੈ ਕਿ ਮੈਂ ਆਪਣੇ ਮਨ ਨੂੰ ਘਿਸੀਆਂ-ਪਿਟੀਆਂ ਸੋਚਾਂ ਨੂੰ ਦੋਹਰਾਅ-ਦੋਹਰਾਅ ਕੇ ਜੜ੍ਹ, ਢਿੱਲੜ ਤੇ ਮੋਟਾ-ਠੱਲਾ ਕਰ ਲਿਆ ਹੈ, ਤੇ ਸਵੈ-ਅਨੁਸ਼ਾਸਨ ਵੀ ਉਨ੍ਹਾਂ ਹੀ ਸੋਚਾਂ ਦਾ ਹਿੱਸਾ ਹੈ। ਇਸ ਦੋਹਰਾਵ ਨੂੰ ਖ਼ਤਮ ਕਰਨ ਲਈ, ਇਸ ਗ੍ਰਾਮੋਫੋਨ ਰਿਕਾਰਡ ਨੂੰ, ਜੋ ਕਿ ‘ਮੈਂ’ ਹੈ, ਤੋੜਨਾ ਪਵੇਗਾ, ਤੇ ਇਸਨੂੰ ਸਿਰਫ਼ ਸੱਚਾਈ ਨੂੰ ਦੇਖਦੇ ਹੋਏ ਹੀ ਤੋੜਿਆ ਜਾ ਸਕਦਾ ਹੈ, ਕੋਸ਼ਿਸ਼ਾਂ ਨਾਲ਼ ਨਹੀਂ। ਤੁਹਾਡੇ ਕਹਿਣ ਮੁਤਾਬਕ ਕੋਸ਼ਿਸ਼ ਤਾਂ ਸਿਰਫ਼ ਉਸ ਰਿਕਾਰਡ ਨੂੰ ਘੁਮਾਈ ਹੀ ਰੱਖਦੀ ਹੈ, ਸੋ ਉਸ ਪਾਸਿਓਂ ਕੋਈ ਉਮੀਦ ਨਹੀਂ। ਫੇਰ ਹੋਰ ਕੀ ਹੈ?’

ਸੱਚਾਈ ਨੂੰ ਦੇਖੋ, ‘ਜੋ ਹੈ’ ਉਸ ਨੂੰ, ਤੇ ਉਸ ਸੱਚਾਈ ਨੂੰ ਆਪਣਾ ਕੰਮ ਕਰਨ ਦਿਓ; ਤੁਸੀਂ ਉਸ ਸੱਚਾਈ ’ਤੇ ਕੰਮ ਨਾ ਕਰੋ; ‘ਤੁਸੀਂ’ ਤੋਂ ਮਤਲਬ ਹੈ ਉਹੀ ਪੁਰਾਣਾ ਦੁਹਰਾਵ, ਉਸ ਦੇ ਤਜਵੀਜ਼ਾਂ, ਅੰਦਾਜ਼ੇ, ਗਿਆਨ।

‘ਮੈਂ ਕੋਸ਼ਿਸ਼ ਕਰਾਂਗਾ’, ਉਸਨੇ ਪੂਰੇ ਜੋਸ਼ ਨਾਲ਼ ਕਿਹਾ।

ਕੋਸ਼ਿਸ਼ ਤਾਂ ਦੁਹਰਾਵ ਦੇ ਉਸ ਯੰਤਰ ਨੂੰ ਹੀ ਤੇਲ ਦੇਣ ਵਾਲ਼ੀ ਗੱਲ ਹੈ, ਖ਼ਤਮ ਕਰਨ ਵਾਲ਼ੀ ਨਹੀਂ।

‘ਤੁਸੀਂ ਬੰਦੇ ਕੋਲੋਂ ਸਭ ਕੁਝ ਖੋਹ ਰਹੇ ਹੋ, ਕੁਝ ਬਚਦਾ ਨਹੀਂ। ਪਰ ਹੋ ਸਕਦਾ ਹੈ ਕਿ ਉਹੋ ਨਵੀਂ ਚੀਜ਼ ਹੋਵੇ।’

ਉਹ ਹੈ।